

# ਅੰਮ੍ਰਿਤ ਕੀਰਤਨ

**ਕਲਿ ਤਾਰਣਿ ਗੁਰੁ ਨਾਨਕ ਆਇਆ ॥**

*'Kal taaran Guru Nanak aayaa'*
(In Kalyug Guru Nanak's teaching will help to get everlasting happiness and salvation)

## Guru Nanak

Guru Nanak brought the message of God.
Three things were emphasised.

**Naam Japo *(Meditate continuously)***

- ★ Constantly thanking God with every action.
- ★ Admiring the Creator hidden in His creation.
- ★ Meditating on His various qualities.
- ★ Requesting for His Divine Grace.
- ★ Reciting and singing prayers.

**Kirt karo *(Live honestly)***

- ★ Being honest in every thought, word and deed.

**Wand ke Chhako *(Share lovingly)***

- ★ Willingly sharing with the needy without expecting any reward.

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਨਵੰਬਰ 1999
ਮੁੱਲ : 10 ਰੁਪਏ

# ਅੰਮ੍ਰਿਤ ਕੀਰਤਨ

**ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ**

ਅੰਕ 11 ◆ ਸਾਲ ਗਿਆਰਵਾਂ ◆ ਨਵੰਬਰ 1999



2 ਮਿਤ੍ਰ ਅਸਾਡੜੇ ਸੇਈ

3 ਕਰਉ ਬੇਨੰਤੀਆ

4 ਕੀ ਅਸੀਂ ਆਤਮ ਰੰਗ ਮਾਣ ਰਹੇ ਹਾਂ ■ ਰਮੇਸ਼ ਸਿੰਘ

8 ਹਿੰਦੂ-ਤੁਰਕ ਕਾ ਸਾਹਿਬ ਏਕ ■ ਸਤਨਾਮ ਸਿੰਘ ਐਡਵੋਕੇਟ

10 ਤਿਆਗ-ਮਾਨ ■ ਬਲਵਿੰਦਰ ਸਿੰਘ

12 ਝਿਮ ਝਿਮ ਵਰਸੈ ... ■ ਭਗਵੰਤ ਸਿੰਘ ਦਲਾਵਰੀ

15 ਇਨਸਾਨ ਦਾ ਰੱਬ ਨਾਲ ਸੰਬੰਧ
■ ਪ੍ਰੋ. ਜਗਜੀਤ ਸਿੰਘ ਜਾਬੇਵਾਲ

17 ਸੰਗੀਤ ਅਕੇਡਮੀ ਵਾਲੇ ਬਾਬਾ ਮਹਿੰਦਰ ਸਿੰਘ

18 ਪੰਜਾਬ ਦੇ ਲੋਕ ਸਾਜ ■ ਪ੍ਰੋ. ਅਨਿਲ ਨਰੂਲਾ

22 ਪੁਸਤਕ ਸਮੀਖਿਆ ■ ਡਾ. ਗੁਰਮੀਤ ਸਿੰਘ ਬੇਦਵਾਣ

27 ਗੁਰਬਾਣੀ ਦਰਸ਼ਨ ■ ਜਸਬੀਰ ਕੌਰ, ਪ੍ਰਿੰਸੀਪਲ ਸਤਿਬੀਰ ਸਿੰਘ

28 I'll never have to bother...
■ Prarthana Gahilote

31 Karma ■ Sujan Singh

32 ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ ■ ਮਨਮੋਹਨ ਸਿੰਘ

34 ਸੁਰ ਲਿਪੀਆਂ ■ ਪ੍ਰੋ. ਪਰਮਜੋਤ ਸਿੰਘ
■ ਹਰਿਮੰਦਰ ਸਿੰਘ ਚੋਪੜਾ

36 ਗੁਰਮੁਖ ਢੂਢ ਢੂਢੇਦਿਆਂ (Free Matrimonial Service)


ਕਵਰ ਚਿੱਤਰ : ਰਾਮਟਟਵਾਲੀ ਦਾ ਬੈਰਾਗੀ ਮੰਦਰ,
ਜਿਲ੍ਹਾ ਹੁਸ਼ਿਆਰਪੁਰ ਦੇ ਕੰਧ ਚਿੱਤਰ ਦਾ ਕੰਪਿਊਟਰ ਲਾਈਨ ਸਕੈੱਚ
'ਪੰਜਾਬ ਦੇ ਕੰਧ ਚਿੱਤਰ' ਵਿੱਚੋਂ
ਡਾ. ਕੰਵਰਜੀਤ ਸਿੰਘ ਕੰਗ ਦੇ ਸਹਿਯੋਗ ਨਾਲ


ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)
ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੇਦਵਾਣ**
ਐਮ.ਏ., ਪੀ.ਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਜੋਤਿੰਦਰ ਸਿੰਘ**
**ਸ. ਉੱਤਮ ਸਿੰਘ**


'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ, ਚੰਡੀਗੜ੍ਹ - 160 015
ਫੋਨ: 0172 - 772660


ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

Donations are eligible for relief u/s 80 G of Income-Tax Act, 1961, vide CIT/ CHD/80-G/78/Tech. Dated 30-7-1999 valid upto 31-3-2001


ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐੱਸ ਸੀ ਐੱਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

Layout: *sobal specials* (Pager: 9610 - 8677)


## ਚੰਦੇ ਦਾ ਵੇਰਵਾ

| | |
|---|---|
| **ਦੇਸ਼** | |
| ਇਕ ਕਾਪੀ | 10 ਰੁਪਏ |
| ਸਲਾਨਾ | 100 ਰੁਪਏ |
| ਜੀਵਨ ਮੈਂਬਰ (15 ਸਾਲ) | 1000 ਰੁਪਏ |
| **ਵਿਦੇਸ਼** | |
| ਸਲਾਨਾ | 20 $ |
| ਜੀਵਨ ਮੈਂਬਰ (15 ਸਾਲ) | 200 $ |

## ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 3000 ਰੁਪਏ |
| ਕਵਰ ਦੇ ਅੰਦਰਲੇ ਪੰਨੇ | 2000 ਰੁਪਏ |
| ਸਾਧਾਰਨ ਪੂਰਾ ਪੰਨਾ | 1000 ਰੁਪਏ |

# ਮਿਤ੍ਰ ਅਸਾਡੜੇ ਸੇਈ

★ ਜਿਸ ਮਹੀਨੇ 'ਅੰਮ੍ਰਿਤ ਕੀਰਤਨ' ਸ਼ੁਰੂ ਹੋਇਆ ਹੈ, ਉਸ ਦਿਨ ਤੋਂ ਹਰ ਮਹੀਨੇ ਪੜ੍ਹ ਰਹੇ ਹਾਂ ਅਤੇ ਇਸਦੀ ਮਿੱਠੀ ਜ਼ੁਬਾਨ, ਸਹਿਜ ਅਵਸਥਾ, ਪੂਜਣ ਯੋਗ ਸਿੱਖੀ ਵਿੱਚ ਪੂਰਨ ਪੁਰਾਤਨ ਰਾਗੀ ਸਿੰਘਾਂ ਦੇ ਦਰਸ਼ਨ ਕਰਵਾਂਦਾ ਹੈ। ਦਿਲ ਨੂੰ, ਅੱਖਾਂ ਨੂੰ ਭਾਂਵਦਾ ਹੈ।

ਹੁਣ ਅੱਜ ਕੱਲ ਵੀਰ ਰਮੇਸ਼ ਸਿੰਘ ਜੀ ਜੋ ਪਾਪਾ ਜੀ ਦੇ ਉੱਚ ਜੀਵਨ, ਮਿੱਠੀ ਜ਼ੁਬਾਨ, ਕੀਰਤਨ ਤੇ ਬਾਣੀ ਦੇ ਸਮੁੰਦਰ ਵਿੱਚ ਠਾਠਾਂ ਮਾਰਦੇ ਹਨ, ਦੇ ਦਰਸ਼ਨ ਕਰਵਾ ਰਹੇ ਹਨ। ਸਾਡੇ ਕੋਲ ਧੰਨਵਾਦ ਵਾਸਤੇ ਸ਼ਬਦ ਨਹੀਂ ਹਨ।

ਡਾਕਟਰ ਜਾਗੀਰ ਸਿੰਘ ਜੀ ਨੇ ਨਿਮਰਤਾ ਦੀ ਹੱਦ ਕਰ ਦਿੱਤੀ ਹੈ, ਕੋਈ ਪ੍ਰਚਾਰਕ, ਰਾਗੀ ਸਿੰਘ ਹੋਰ ਇਸ ਸੰਸਥਾਵਾਂ ਦੇ ਆਗੂ ਕਦੀ ਨਹੀਂ ਕਹਿੰਦੇ, "ਸਾਨੂੰ ਆਪ ਗੁਰਬਾਣੀ ਦੇ ਅਰਥ ਨਹੀਂ ਸਮਝ ਵਿੱਚ ਆਂਵਦੇ" ਮੈਂ ਕਿਸੇ ਨੂੰ ਕੀ ਸਮਝਾਵਾਂ, ਇਹ ਗੱਲ ਨਹੀਂ ਕਿ ਡਾਕਟਰ ਸਾਹਿਬ ਜੀ ਨੂੰ ਸਮਝ ਨਹੀਂ ਆਂਵਦੇ। ਪਰ ਜਿਤਨੀਆਂ ਪੋਥੀਆਂ ਖੋਹਲੋ ਸਭ ਵਿੱਚ ਫ਼ਰਕ ਹਨ। ਸੋ ਡਾਕਟਰ ਸਾਹਿਬ ਆਪਣੇ ਅਨੰਦ ਮਈ ਕੀਰਤਨ ਵਿੱਚ ਅੰਦਰਲਾ ਰਸ ਮਾਣਨ ਦੇ ਵਿੱਚ ਵਿਘਨ ਨਹੀਂ ਪਾਉਣਾ ਚਾਹੁੰਦੇ। ਇਹ ਬੜੀ ਵੱਡੀ ਸਚਿਆਈ ਤੇ ਨਿਮਰਤਾ ਦੀ ਮਿਸਾਲ ਹੈ। ਕੁਝ ਲੇਖ ਇਤਨੇ ਅੱਛੇ ਲਗਦੇ ਹਨ ਅਜ ਕਲ ਜਿਸ ਵੇਲੇ ਦੁਨੀਆਂ ਦੀਆਂ ਰੁਚੀਆਂ ਹੀ ਹੋਰ ਪਾਸੇ ਲਗੀਆਂ ਹੋਈਆਂ ਹਨ। ਵਿੱਚੋਂ ਵਿੱਚ ਹੀ ਸਤਿਗੁਰੂ ਜੀ ਬਖਸ਼ਸ਼ ਕਰਦੇ ਹਨ ਆਪਣੇ ਪਿਆਰਿਆਂ ਵਿੱਚੋਂ ਕਿਸੇ ਨੂੰ ਸਾਡੇ ਜਿਹੇ ਮੂਰਖ ਬੁੱਧੀ ਵਾਲੇ ਜੀਵਾਂ ਨੂੰ ਥੋਹੜਾ ਸਮਝਾ ਦੇਂਦੇ ਹਨ।

'ਅੰਮ੍ਰਿਤ ਕੀਰਤਨ' ਵਿੱਚ ਆਪ ਜੀ ਇਹੋ ਜਿਹੇ ਲੇਖ ਛਪਵਾ ਕੇ ਕਈਆਂ ਨੂੰ ਸੋਝੀ ਬਖਸ਼ਦੇ ਹੋ। ਗੁਰਬਾਣੀ ਨਾਲ ਸੱਚਾ ਤੇ ਸੱਚਾ ਪਿਆਰ ਕੀਰਤਨ ਦੀ ਉਚੇ ਤੌਰ ਤੇ ਮਹਾਨਤਾ। ਇੱਕ ਵਾਰੀ ਤਾਂ ਮਨ ਦੀਆਂ ਸੁੱਤੀਆਂ ਤਰੰਗਾਂ ਜਾਗ ਜਾਂਦੀਆਂ ਹਨ।

ਸਾਡੀ ਅਰਦਾਸ ਹੈ, ਸੱਚੇ ਪਾਤਸ਼ਾਹ 'ਅੰਮ੍ਰਿਤ ਕੀਰਤਨ' ਨੂੰ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਬਖਸ਼ੇ। ਸਾਨੂੰ ਪੜ੍ਹਨ ਦੀ ਹਿੰਮਤ ਬਖਸ਼ਣ।

ਸਚੇ ਸਿਰਜਨ ਹਾਰ ਪਿਤਾ ਜੀ ਡਾਕਟਰ ਸਾਹਿਬ ਜੀ ਨੂੰ ਹੋਰ ਬਲ ਬਖਸ਼ਣ ਤਾਂ ਕਿ ਉਹ ਸਾਨੂੰ ਕੀਰਤਨ ਨਾਲ ਨਿਹਾਲ ਕਰਦੇ ਰਹਿਣ।

*- ਗੁਰਬਖਸ਼ ਕੌਰ ਸੂਰੀ / ਚੰਡੀਗੜ੍ਹ*

★ 'ਅੰਮ੍ਰਿਤ ਕੀਰਤਨ' ਮੈਗਜ਼ੀਨ ਜਾਣਕਾਰੀ ਭਰਪੂਰ ਹੈ। ਇਸ ਵਿੱਚ ਪ੍ਰਕਾਸ਼ਿਤ ਲੇਖ ਵਧੀਆ ਹੁੰਦੇ ਹਨ।

*- ਕੁਲਵੰਤ ਕੌਰ / ਲੁਧਿਆਣਾ*

★ 'ਅੰਮ੍ਰਿਤ ਕੀਰਤਨ' ਮਾਸਿਕ ਪੱਤਰ ਬਹੁਤ ਹੀ ਚੰਗਾ ਅਤੇ ਭਰਪੂਰ ਜਾਣਕਾਰੀ ਦੇਣ ਵਾਲਾ ਹੈ।

*- ਮੋਹਨ ਸਿੰਘ / ਫ਼ਿਰੋਜ਼ਪੁਰ*

★ 'ਅੰਮ੍ਰਿਤ ਕੀਰਤਨ' ਮੈਗਜ਼ੀਨ ਮੈਨੂੰ ਬਹੁਤ ਚੰਗਾ ਲਗਦਾ ਹੈ।

*- ਧਰਮਿੰਦਰ ਸਿੰਘ / ਬਾਰਾਮੂਲਾ ਕਸ਼ਮੀਰ*

★ Many many thanks for 'Amrit Kirtan' Sept.-99 which you have sent me for study. I am very much pleased to study the articles of Dr. Jagir Singh, S. Ramesh Singh, Prof. Anil Narula.

*- Prof. L.M. Upadhyay / Patna Sahib*

★ 'ਅੰਮ੍ਰਿਤ ਕੀਰਤਨ' ਗੁਰਮਤਿ ਸੰਗੀਤ ਲਈ ਇੱਕ ਅਦੁੱਤੀ ਮੈਗਜ਼ੀਨ ਹੈ। ਇਸ ਵਿੱਚ ਗੁਰਮਤਿ ਬਾਰੇ ਅਤੇ ਕੀਰਤਨ ਬਾਰੇ ਚੋਣਵੇਂ ਲੇਖ ਛਾਪੇ ਜਾ ਰਹੇ ਹਨ। ਮੇਰੀ ਇੱਛਾ ਹੈ ਕਿ 'ਅੰਮ੍ਰਿਤ ਕੀਰਤਨ' ਵੱਧ ਤੋਂ ਵੱਧ ਹੱਥਾਂ ਵਿੱਚ ਪਹੁੰਚੇ।

*- ਪ੍ਰੋ. ਗੁਰਦਿਆਲ ਸਿੰਘ / ਪਟਿਆਲਾ*

★ 'ਅੰਮ੍ਰਿਤ ਕੀਰਤਨ' ਮੈਗਜ਼ੀਨ ਤੋਂ ਮੈਂ ਬਹੁਤ ਪ੍ਰਭਾਵਿਤ ਹੋਈ ਹਾਂ। ਇਹ ਮੈਗਜ਼ੀਨ ਹਰੇਕ ਗੁਰਦੁਆਰੇ ਵਿੱਚ ਪਹੁੰਚਣਾ ਚਾਹੀਦਾ ਹੈ ਕਿਉਂਕਿ ਲਗਭਗ ਹਰ ਗੁਰਦੁਆਰੇ ਵਿੱਚ ਰਾਗੀ ਜਥੇ ਹੁੰਦੇ ਹਨ ਅਤੇ ਇਸ ਮੈਗਜ਼ੀਨ ਵਿੱਚ ਦਿੱਤੀਆਂ ਨੋਟੇਸ਼ਨਾਂ ਉਹਨਾਂ ਲਈ ਇੱਕ ਸੁਗਾਤ ਹੋਵੇਗੀ।

*- ਸਤਨਾਮ ਕੌਰ / ਮੁੰਬਈ*

★ ਸਤੰਬਰ ਅੰਕ ਵਿੱਚ ਸੰਪਾਦਕੀ ਕਰਉ ਬੇਨੰਤੀਆ, ਗੁਰਮਤਿ ਸੰਗੀਤ ਦੇ ਪ੍ਰਮੁੱਖ ਕੀਰਤਨਕਾਰ, ਸੀਸ ਵਢੇ ਕਰਿ ਬੈਸਣ ਦੀਜੈ, ਮਹਿਮਾਂ ਸਾਧੂ ਸੰਗ ਕੀ, ਰੰਗਲੇ ਸਾਜਨ, ਪੰਜਾਬ ਦੇ ਲੋਕ ਸਾਜ਼ ਆਦਿ ਲੇਖ ਪਸੰਦ ਆਏ। ਪੁਸਤਕਾਂ ਬਾਰੇ ਚਰਚਾ ਕਰਨ ਨਾਲ ਸਾਨੂੰ ਪੁਸਤਕਾਂ ਪੜ੍ਹਨ ਦੀ ਪ੍ਰੇਰਨਾ ਮਿਲਦੀ ਹੈ। ਸੰਗੀਤ ਦੀਆਂ ਕਲਾਸਾਂ ਦਾ ਵੇਰਵਾ ਦਿੰਦੇ ਰਿਹਾ ਕਰੋ।

*- ਪ੍ਰੋ. ਮੰਗਤ ਸਿੰਘ ਮਸਤਾਨਾ / ਮਲੋਟ*

# ਕਰਉ ਬੇਨੰਤੀਆ

## ਕੁਝ ਪੜ੍ਹੀਏ ਕੁਝ ਸੁਣੀਏ

ਵਿਦੇਸ਼ਾਂ ਵਿੱਚੋਂ ਅਨੇਕਾਂ ਭੈਣਾਂ-ਵੀਰ ਮੇਰੇ ਕੋਲ ਆਉਂਦੇ ਹਨ। ਪਹਿਲਾਂ ਥੋਹੜੀ ਬਹੁਤੀ ਗੱਲਬਾਤ ਉਹ ਆਪਣੀਆਂ ਪ੍ਰਾਪਤੀਆਂ ਬਾਰੇ ਕਰਦੇ ਹਨ। ਉਹ ਭਾਰਤ ਵਿੱਚ ਕਿਵੇਂ ਰਹਿੰਦੇ ਸਨ, ਵਿਦੇਸ਼ ਜਾ ਕੇ ਉਹਨਾਂ ਨੇ ਕੀ ਮੱਲਾਂ ਮਾਰੀਆਂ। ਫਿਰ ਨਿੰਦਿਆ ਦਰਬਾਰ ਸ਼ੁਰੂ ਹੁੰਦਾ ਹੈ। ਲੀਡਰਾਂ, ਪ੍ਰਚਾਰਕਾਂ, ਰਾਗੀਆਂ ਅਤੇ ਗੁਰਦੁਆਰਾ ਕਮੇਟੀਆਂ ਦੇ ਪ੍ਰਧਾਨਾਂ, ਸਕੱਤਰਾਂ ਆਦਿ ਦੀ ਨਿੰਦਿਆ ਖਤਮ ਕਰਕੇ ਫਿਰ ਬੱਚਿਆਂ 'ਤੇ ਗੱਲ ਆ ਜਾਂਦੀ ਹੈ ਤੇ ਉਹਨਾਂ ਦੇ ਫ਼ਿਕਰ ਹੁੰਦੇ ਹਨ "ਉੱਥੇ ਬੱਚੇ ਸਾਡਾ ਕਹਿਣਾ ਨਹੀਂ ਮੰਨਦੇ। ਬੱਚਿਆਂ ਨੂੰ ਸਿੱਖੀ ਨਾਲ ਕੋਈ ਲਗਾਉ ਨਹੀਂ। ਇੱਧਰਲੇ ਪ੍ਰਚਾਰਕ ਜਦੋਂ ਵਿਦੇਸ਼ ਜਾਂਦੇ ਹਨ, ਉਹ ਵੀ ਪੈਸਾ ਕਮਾਉਣ ਦੇ ਚੱਕਰ ਵਿੱਚ ਫਸੇ ਰਹਿੰਦੇ ਹਨ।" ਅਜਿਹੀਆਂ ਸਾਰੀਆਂ ਗੱਲਾਂ ਬਾਤਾਂ ਸੁਣ ਕੇ ਕੁਝ ਸੁਝਾਅ ਮੈਨੂੰ ਵਿਦੇਸ਼ ਵਿੱਚ ਰਹਿੰਦੇ ਮਾਪਿਆਂ ਅਤੇ ਹੋਰ ਸੁਹਿਰਦ ਵਿਅਕਤੀਆਂ ਲਈ ਸੁਝੇ ਹਨ ਜੇ ਪਸੰਦ ਆਉਣ ਤਾਂ ਅਮਲ ਕਰ ਵੇਖੋ, ਸ਼ਾਇਦ ਕੋਈ ਫਾਇਦਾ ਹੋ ਜਾਵੇ।

ਪਹਿਲੀ ਬੇਨਤੀ ਹੈ ਕਿ ਭਾਰਤ ਵਿੱਚ ਰਹਿੰਦੇ ਪ੍ਰਚਾਰਕਾਂ, ਰਾਗੀਆਂ, ਢਾਡੀਆਂ, ਸੰਤਾਂ, ਗਿਆਨੀਆਂ ਤੋਂ ਬਹੁਤੀ ਆਸ ਨਾ ਰੱਖੋ। ਇਹਨਾਂ ਕੋਲ ਕੋਈ ਗਿਦੜਸਿੰਗੀ ਨਹੀਂ ਹੈ ਕਿ ਇਹ ਤੁਹਾਡੇ ਬੱਚਿਆਂ ਦੇ ਮਨ ਵਿੱਚ ਇੱਕ ਦਮ ਸਿੱਖੀ ਪ੍ਰਤੀ ਪਿਆਰ ਪੈਦਾ ਕਰ ਦੇਣਗੇ। ਜੇ ਅਜਿਹਾ ਹੁੰਦਾ ਤਾਂ ਪੰਜਾਬ ਵਿੱਚ ਪਤਿਤਪੁਣੇ, ਨਸ਼ਿਆਂ ਆਦਿ ਨੂੰ ਕਦੋਂ ਦੀ ਠਿੱਲ੍ਹ ਪੈ ਗਈ ਹੁੰਦੀ। ਗੁਰੂ ਨੇ ਤੁਹਾਨੂੰ ਸ਼ਬਦ ਨਾਲ ਜੋੜਿਆ ਹੈ, ਸਾਹਿਤ ਨਾਲ ਜੋੜਿਆ ਹੈ, ਪੁਸਤਕਾਂ ਨਾਲ ਜੋੜਿਆ ਹੈ। ਇਹ ਤਰੀਕਾ ਥੋੜ੍ਹਾ ਸੂਖਮ ਹੈ ਅਤੇ ਇਸ ਲਈ ਵਿਅਕਤੀ ਨੂੰ ਆਪ ਜਤਨ ਕਰਨਾ ਪੈਂਦਾ ਹੈ। ਸਾਹਮਣੇ ਸਰੀਰਕ ਰੂਪ ਵਿੱਚ ਕੋਈ ਮਹਾਤਮਾ ਬੈਠਾ ਹੋਵੇ ਉਸ ਵੱਲ ਧਿਆਨ ਵਧੇਰੇ ਜਾਂਦਾ ਹੈ। ਪਰ ਇਹ ਸਥੂਲ ਅਤੇ ਨਿਮਨ ਪੱਧਰ ਦੀ ਬੁੱਧੀ ਲਈ ਤਰੀਕੇ ਹਨ। ਜੇ ਤੁਸੀਂ ਬਹੁਤੇ ਤਰਕਵਾਦੀ ਨਹੀਂ, ਬਹੁਤੇ ਪੜ੍ਹੇ ਲਿਖੇ ਨਹੀਂ ਤਾਂ ਸੰਤ ਜੀ ਨੇ ਤੇ ਗਿਆਨੀ ਜੀ ਜੋ ਵੀ ਕਹਿਣਾ ਹੈ ਤੁਸੀਂ ਬਿਨਾਂ ਕਿਸੇ ਆਨਾਕਾਨੀ ਦੇ ਮੰਨ ਲਵੋਗੇ ਪਰ ਜੇ ਤੁਸੀਂ ਆਪਣੇ ਆਪ ਨੂੰ ਥੋੜ੍ਹਾ ਸਿਆਣਾ ਸਮਝਦੇ ਹੋ, ਠੀਕ-ਗਲਤ ਦੀ ਪਹਿਚਾਣ ਕਰ ਸਕਦੇ ਹੋ ਜਾਂ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਪੁਸਤਕਾਂ ਦਾ ਸਹਾਰਾ ਲੈਣਾ ਪਵੇਗਾ। ਭਾਵੇ ਇੱਕ ਦਮ ਸਾਰੀਆਂ ਮੁਸ਼ਕਲਾਂ ਹੱਲ ਨਹੀਂ ਹੋ ਜਾਣਗੀਆਂ ਪਰ ਤੁਹਾਡੇ ਜਤਨ ਆਪਣੇ ਬੱਚਿਆਂ ਪ੍ਰਤੀ ਪਿਆਰ ਨੂੰ ਪਕੇਰਾ ਕਰਨਗੇ। ਫਿਰ ਤੁਹਾਨੂੰ ਗੁਰਬਾਣੀ ਅਤੇ ਇਤਿਹਾਸ ਦੀ ਵਧੇਰੇ ਸਮਝ ਆਵੇਗੀ। ਫਿਰ ਤੁਹਾਨੂੰ ਕੀਰਤਨ ਵੀ ਵਧੇਰੇ ਅਨੰਦ ਦੇਵੇਗਾ। ਤੁਸੀਂ ਇਸ ਲਈ ਪੁਸਤਕਾਂ ਨਹੀਂ ਪੜ੍ਹਨੀਆਂ ਕਿ ਤੁਸੀਂ ਆਪਣੇ ਗਿਆਨ ਦਾ ਵਿਖਾਵਾ ਕਰਨਾ ਹੈ ਜਾਂ ਵਾਦ-ਵਿਵਾਦ ਕਰਕੇ ਕਿਸੇ ਤੇ ਜਿੱਤ ਪ੍ਰਾਪਤ ਕਰਨੀ ਹੈ। ਤੁਸੀਂ ਤਾਂ ਆਪਣੀਆਂ ਸਮੱਸਿਆਵਾਂ ਸੁਲਝਾਉਣ ਲਈ, ਅਗਵਾਈ ਲੈਣ ਲਈ ਪੜ੍ਹਨਾ ਹੈ।

ਕੱਲ੍ਹ ਹੀ ਇੱਕ ਭੈਣ ਜੀ ਆਏ, ਮੈਂ ਉਹਨਾਂ ਨੂੰ ਕੁਝ ਕਿਤਾਬਾਂ ਦੱਸੀਆਂ, ਉਹਨਾਂ ਕਿਹਾ ਕਿ ਇਹ ਪੁਸਤਕਾਂ ਸਾਨੂੰ ਤਾਂ ਅੰਗਰੇਜ਼ੀ ਵਿੱਚ ਚਾਹੀਦੀਆਂ ਹਨ। ਮੈਂ ਉਹਨਾਂ ਨੂੰ ਪੁੱਛਿਆ ਤੁਹਾਡੇ ਕੋਲ ਪਹਿਲਾਂ ਅੰਗਰੇਜ਼ੀ ਵਿੱਚ ਸਿੱਖੀ ਬਾਰੇ ਛਪੀਆਂ ਸਾਰੀਆਂ ਪੁਸਤਕਾਂ ਹੈਣ ਤਾਂ ਉਹਨਾਂ ਦਾ ਜੁਆਬ ਨਾਂਹ ਵਿੱਚ ਸੀ।

ਪਿੱਛੇ ਜਿਹੇ ਇੱਕ ਸੱਜਣ ਆਏ ਉਹਨਾਂ ਦੱਸਿਆ ਕਿ ਉੱਥੇ ਲਾਇਬਰੇਰੀ ਦੇ ਕੰਮ ਕਾਰ ਬਾਰੇ ਲੈਕਚਰ ਦਿੱਤਾ। ਉਹਨਾਂ ਦੱਸਿਆ ਕਿ ਉੱਥੇ ਲਾਇਬਰੇਰੀਆਂ ਵਿੱਚੋਂ ਸਾਡੇ ਕੋਲ ਕਿਤਾਬਾਂ ਲੈ ਕੇ ਪੜ੍ਹਦੇ ਹੀ ਨਹੀਂ। ਇਹੋ ਹਾਲ ਸਾਰੇ ਪਾਸੇ ਹੈ। ਅਮਰੀਕਾ ਦੀ ਵਾਸ਼ਿੰਗਟਨ ਲਾਇਬਰੇਰੀ ਵਿੱਚ ਸੈਂਕੜੇ ਪੁਸਤਕਾਂ ਸਿੱਖੀ ਬਾਰੇ ਹਨ ਪਰ ਉਹਨਾਂ ਨੂੰ ਵਿਰਲਾ ਹੀ ਕੋਈ ਪੜ੍ਹਦਾ ਹੈ। ਸੋ, ਜੇ ਅਸਲ ਵਿੱਚ ਹੀ ਤੁਸੀਂ ਆਪਣੇ ਬੱਚਿਆਂ ਬਾਰੇ ਚਿੰਤਤ ਹੋ ਤਾਂ ਅੱਜ ਹੀ ਆਪਣੇ ਨੇੜੇ ਦੀ ਲਾਇਬਰੇਰੀ ਦੇ ਮੈਂਬਰ ਬਣੋ ਉੱਥੇ ਜਾਓ ਅਤੇ ਵੇਖੋ ਸਿੱਖੀ ਬਾਰੇ ਕਿੰਨੀਆਂ ਪੁਸਤਕਾਂ ਪਈਆਂ ਹਨ। ਉਹਨਾਂ ਨੂੰ ਘਰ ਲਿਆਓ ਅਤੇ ਜੇ ਪੂਰੀ ਤਰ੍ਹਾਂ ਪੜ੍ਹ ਨਹੀਂ ਸਕਦੇ ਤਾਂ ਘੱਟੋ-ਘੱਟ ਕੁਝ ਵਰਕਿਆਂ ਦੀ ਫੋਲਾ-ਫਾਲੀ ਜ਼ਰੂਰ ਕਰੋ।

ਪੰਦਰਾਂ ਦਿਨਾਂ ਬਾਦ ਫਿਰ ਜਾਓ ਤੇ ਹੋਰ ਕਿਤਾਬਾਂ ਲੈ ਆਓ। ਕਦੀ ਕਿਸੇ ਚੰਗੀ ਕਿਤਾਬ ਬਾਰੇ ਪਤਾ ਲੱਗੇ ਤਾਂ ਲਾਇਬਰੇਰੀਅਨ ਨੂੰ ਉਹ ਮੰਗਵਾਉਣ ਬਾਰੇ ਕਹੋ।

ਦੋ ਕੁ ਮਹੀਨੇ ਵਿੱਚ ਤੁਹਾਡੇ ਘਰ ਦਾ ਮਾਹੌਲ ਬਦਲ ਜਾਵੇਗਾ। ਅਸੀਂ ਬੱਚਿਆਂ ਨੂੰ ਸਦਾ ਪੜ੍ਹਨ ਲਿਖਣ ਲਈ ਆਖਦੇ ਹਾਂ। ਤੁਹਾਨੂੰ ਪੜ੍ਹਦਿਆਂ ਵੇਖ ਕੇ ਬੱਚੇ ਤੁਹਾਨੂੰ ਹੈਰਾਨੀ ਭਰੀ ਖ਼ੁਸ਼ੀ ਨਾਲ ਵੇਖਣਗੇ ਉਹਨਾਂ ਵਿੱਚ ਵੀ ਕੁਝ ਜਾਣਨ, ਸਮਝਣ ਦੀ ਇੱਛਾ ਜਾਗੇਗੀ।

ਹਾਂ ਇਹ ਜਤਨ ਪੰਜਾਬ ਜਾਂ ਭਾਰਤ ਵਿੱਚ ਰਹਿੰਦੇ ਪਾਠਕ ਵੀ ਕਰ ਸਕਦੇ ਹਨ।

# ਕੀ ਅਸੀਂ ਆਤਮ ਰੰਗ ਮਾਣ ਰਹੇ ਹਾਂ?

ਰਮੇਸ਼ ਸਿੰਘ ★

ਸਾਡੇ ਗੁਰੂ ਨੇ ਸਾਨੂੰ ਆਤਮ-ਰੰਗ ਮਾਣਨ ਲਈ ਕੇਵਲ ਤਿਆਰ ਹੀ ਨਹੀਂ ਕੀਤਾ ਸਗੋਂ 24 ਘੰਟੇ ਆਤਮ-ਰੰਗ ਵਿੱਚ ਹੀ ਬਿਤਾਣ ਦੀ ਹਦਾਇਤ ਕੀਤੀ ਹੈ ਅਤੇ ਆਤਮ-ਰੰਗ ਮਾਣਨ ਦਾ ਐਸਾ ਕਮਾਲ ਦਾ infallible system ਪੈਦਾ ਕੀਤਾ ਹੈ ਕਿ ਜੇ ਸਿੱਖ ਗੁਰੂ ਦੇ ਹੁਕਮਾਂ ਅਨੁਸਾਰ ਜੀਵਨ ਜੀਵੇ ਤਾਂ ਹੋ ਹੀ ਨਹੀਂ ਸਕਦਾ ਕਿ ਕੋਈ ਸਿੱਖ ਆਤਮ ਰੰਗ ਤੋਂ ਖਾਲੀ ਰਹੇ। ਫਿਰ ਕੀ ਵਜ੍ਹਾ ਹੈ ਕਿ ਅਸੀਂ ਲੋਕ ਕੀਰਤਨ ਕਰਦੇ, ਬਾਣੀ ਪੜ੍ਹਦੇ, ਨਾਮ ਜਪਦੇ, ਕਕਾਰ ਰੱਖਦੇ ਤੇ ਗੁਰੂ ਨਾਲ ਪ੍ਰੇਮ ਕਰਦੇ ਲਗਦੇ ਹੋਏ ਵੀ ਨਾਲੋ-ਨਾਲ ਆਪਸ ਵਿੱਚ ਲੜਦੇ, ਹੰਕਾਰ ਕਰਦੇ, ਜਾਤ-ਪਾਤ ਵਿੱਚ ਜਕੜੇ ਹੋਏ ਹਾਂ ਤੇ ਅੰਦਰੋਂ ਹੋਰ-ਬਾਹਰੋਂ ਹੋਰ ਹੋ ਕੇ ਸੀਤਲਤਾ ਵਿੱਚ ਨਹੀਂ ਜੀਉਂਦੇ।

ਇੱਕ ਤਾਂ ਪੱਕੀ ਗੱਲ ਹੈ ਕਿ ਅਸੀਂ intellect ਨਾਲ ਜੋ ਲੀਹਾਂ ਪਾ ਲੈਂਦੇ ਹਾਂ ਉਨ੍ਹਾਂ ਚੋਂ ਨਿਕਲ ਨਹੀਂ ਸਕਦੇ ਭਾਵੇਂ ਗੁਰਬਾਣੀ ਦਾ ਰਟਨ ਤੇ ਨਾਮ-ਸਿਮਰਨ ਦੀ external routine ਵਿੱਚ ਹੀ ਮਾਹਿਰ ਬਣ ਜਾਂਦੇ ਹਾਂ। ਨਾਮ ਤੇ ਗੁਰਬਾਣੀ ਦਾ external ਕਰਮਕਾਂਡਾਂ ਨਾਲ ਜਾਂ intellectual jugglery ਨਾਲ ਕੋਈ ਵਾਸਤਾ ਨਹੀਂ ਕਿਉਂਕਿ ਨਾਮ ਜਪਣ ਵਾਲੇ ਨੇ ਇੱਕ ਪਾਸੇ ਚੜ੍ਹਦੀ ਕਲਾ ਵਿੱਚ ਰਹਿਣਾ ਹੈ ਪਰ ਆਪਣਾ ਆਪ ਮਿਟਾ ਕੇ, ਜ਼ੁਲਮ-ਵਿਰੁੱਧ ਸੰਘਰਸ਼ ਕਰਨਾ ਹੈ ਨਫਰਤ ਰਹਿਤ ਹੋਕੇ ਤੇ ਗੁਰੂ ਦੇ ਚਰਨਾਂ ਨਾਲ ਚਮੁਟੇ ਰਹਿਣਾ ਹੈ ਆਪਣੇ-ਆਪ ਨੂੰ ਬੇਸਹਾਰਾ ਸਮਝ ਕੇ। ਆਉ ਪੜਚੋਲ ਕਰੀਏ ਆਪਣੀ ਤੇ ਕੇਵਲ ਆਪਣੀ ਕਿ ਕੀ ਅਸੀਂ ਆਤਮਕ ਰੰਗ ਮਾਣ ਰਹੇ ਹਾਂ?

*ਆਤਮ-ਰੰਗ ਦੀਆਂ ਕੁਝ ਨਿਸ਼ਾਨੀਆਂ*

1. ਕੀ ਅਸੀਂ ਸਵਾਸ-ਸਵਾਸ ਗੁਰੂ ਦੀ ਹਜ਼ੂਰੀ ਵਿੱਚ ਨਾਮ ਜਪਦੇ ਹਾਂ ਇਹ ਜਾਣ ਕੇ ਕਿ ਸਾਡਾ ਮਾਲਕ ਸਾਡੇ ਤੋਂ ਕਦੇ ਵਿਛੜਦਾ ਨਹੀਂ ਤੇ ਉਹ ਹੀ ਸਾਰੀ ਦੁਨੀਆਂ ਦਾ ਕਰਤਾ ਧਰਤਾ ਹੈ ਤੇ ਮੈਨੂੰ ਕੋਈ ਚਿੰਤਾ ਨਹੀਂ ਹੋ ਸਕਦੀ?

* *ਸਾਸਿ ਸਾਸਿ ਸਿਮਰਹੁ ਗੋਬਿੰਦੁ॥*
*ਮਨ ਅੰਤਰ ਕੀ ਉਤਰੈ ਚਿੰਦ॥*

(ਸੁਖਮਨੀ 24-1)

* *ਜਹ ਸਿਮਰੀ ਤਉ ਮਉਜੂਦ ...*
* *ਮੈ ਨਾਲਹੁ ਕਦੇ ਵਿਛੁੜੇ ...*
* *ਪ੍ਰਭ ਨੇਰ੍ਹਹੁ ਤੇ ਨੇਰਿਆ ...*
* *ਅਨਦਿਨੋ ਮੈ ਸਦ ਸਦਾ ਹਰਿ ਜਪਿਆ ਹਰਿ ਨਾਉ*

2. ਕੀ ਅਸੀਂ ਆਪਣੇ ਆਪ ਨੂੰ ਭੈੜਾ ਤੇ ਦੂਜਿਆਂ ਨੂੰ ਆਪਣੇ ਤੋਂ ਚੰਗਾ ਸਮਝਦੇ ਹਾਂ ਤੇ ਆਪਣੇ ਅੰਦਰ ਝਾਤੀਆਂ ਮਾਰ ਮਾਰ ਕੇ ਖੋਜਦੇ ਹਾਂ ਕਿ ਮੈਂ ਗੁਰੂ ਦੇ ਹੁਕਮਾਂ ਦੀ ਉਲੰਘਣਾ ਤਾਂ ਨਹੀਂ ਕਰ ਰਿਹਾ ਜਿਹੜੀ ਸ਼ਰਮਨਾਕ ਹੋਵੇ?

* *ਹਮ ਨਹੀ ਚੰਗੇ ਬੁਰਾ ਨਹੀ ਕੋਇ*

(ਪੰਨਾ 728)

* *ਮੰਦਾ ਜਾਣੈ ਆਪ ਕਉ, ਅਵਰ ਭਲਾ ਸੰਸਾਰੁ॥*

(ਪੰਨਾ 991)

* *ਕਬੀਰ ਸਭ ਤੇ ਹਮ ਬੁਰੇ॥*
*ਹਮ ਤਜਿ ਭਲੋ ਸਭੁ ਕੋਇ॥*

(ਪੰਨਾ 1364)

* *ਫਰੀਦਾ ਜੇ ਤੂ ਅਕਲਿ ਲਤੀਫੁ*
*ਕਾਲੇ ਲਿਖੁ ਨ ਲੇਖ॥*

* *ਆਪਨੜੇ ਗਿਰੀਵਾਨ ਮਹਿ,*
*ਸਿਰ ਨੀਵਾਂ ਕਰਿ ਦੇਖੁ॥ ...*

(ਪੰਨਾ 1378)

* *ਫਰੀਦਾ ਜਿਨੀ ਕੰਮੀ ਨਾਹਿ ਗੁਣ*
*ਤੇ ਕੰਮੜੇ ਵਿਸਾਰਿ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥ ...*

(ਪੰਨਾ 1381)

3. ਕੀ ਅਸੀਂ ਅੰਮ੍ਰਿਤ ਵੇਲੇ ਗੁਰੂ ਦੀ ਵਡਿਆਈ ਵਿੱਚ ਲੇਖੁ ਪੇਖੁ ਹੋ ਕੇ, ਆਪਣਾ ਆਪ ਮਿਟਾ ਕੇ, ਵਾਹਿਗੁਰੂ ਦੇ ਪਿਆਰ ਨੂੰ ਮਹਿਸੂਸ ਕਰ ਕੇ ਅੰਦਰ ਦਾ ਨਿੱਘ ਮਾਣਦੇ ਹਾਂ ਤੇ ਉਹਦੀ ਹਜ਼ੂਰੀ ਵਿੱਚ ਗਦਗਦ ਹੁੰਦੇ ਹਾਂ? ਕੀ ਅੰਮ੍ਰਿਤ ਵੇਲਾ ਕਰ ਕੇ ਸ਼ੀਤਲ ਤੇ ਠੰਡੇ ਰਹਿੰਦੇ ਹਾਂ?

* *ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥*
*ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥*
*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥*

(ਜਪੁਜੀ ਸਾਹਿਬ-4)

★ 16, Kasidih East, Road No. 1, Sakchi, Jamshedpur - 831 001 (Bihar)

* ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥
ਕਾਗ੍ਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥ ...
(ਪੰਨਾ 255)

4. ਕੀ ਅਸੀਂ ਰਜ਼ਾ ਵਿੱਚ ਰਹਿਣ ਦਾ ਪ੍ਰਣ ਕਰ ਲਿਆ ਹੈ? ਕੀ ਮੌਤ ਤੋਂ ਡਰਦੇ ਹਾਂ? ਕੀ ਭਾਣਾ ਮੰਨਣ ਲਈ ਤਿਆਰੀ ਕਰ ਰਹੇ ਹਾਂ? ਕੀ ਭਰੋਸਾ ਹੈ ਕਿ ਗੁਰੂ ਹਮੇਸ਼ਾਂ ਚੰਗਾ ਕਰਦੇ ਹਨ? ਕੀ ਆਪਣੀਆਂ ਤਕਲੀਫਾਂ ਲੋਕਾਂ ਦੇ ਮੱਥੇ ਤਾਂ ਨਹੀਂ ਲਾਂਦੇ?

* ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥
(ਜਪੁਜੀ ਸਾਹਿਬ -1)

* ਕਬੀਰ ਜਿਸੁ ਮਰਨੇ ਤੇ ਜਗੁ ਡਰੈ,
ਮੇਰੇ ਮਨਿ ਆਨੰਦ॥
ਮਰਨੇ ਹੀ ਤੇ ਪਾਈਐ, ਪੂਰਨ ਪਰਮਾਨੰਦੁ॥ ...
(ਪੰਨਾ 1365)

* ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ...
(ਪੰਨਾ 327)

* ਜਿਸ ਕੀ ਬਸਤੁ ਤਿਸੁ ਆਗੈ ਰਾਖੈ॥
ਪ੍ਰਭ ਕੀ ਆਗਿਆ ਮਾਨੈ ਮਾਥੈ॥ ...
(ਸੁਖਮਨੀ ਸਾਹਿਬ 5-2)

ਕਬੀਰ ਮੁਹਿ ਮਰਨੇ ਕਾ ਚਾਉ ਹੈ,
ਮਰਉ ਤ ਹਰਿ ਕੈ ਦੁਆਰ॥
ਮਤ ਹਰਿ ਪੂਛੈ ਕਉਨੁ ਹੈ, ਪਰਾ ਹਮਾਰੈ ਬਾਰ॥ ...
(ਪੰਨਾ 1367)

5. ਕੀ ਅਸੀਂ ਲੋਕਲਾਜ ਛੱਡ ਕੇ ਗੁਰੂ ਤੋਂ ਸਦਕੇ ਜਾਂਦੇ ਹਾਂ? ਕੀ ਕਕਾਰਾਂ ਦੀ ਰਹਿਤ ਤੋਂ ਵਧ ਅੰਦਰ ਦੀਆਂ ਜੂਠਾਂ ਤੋਂ ਮੁਕਤ ਹਾਂ? ਕੀ ਅੰਦਰੋਂ ਪ੍ਰਭੂ ਨਾਲ ਪ੍ਰੀਤ ਕਰਦੇ ਹਾਂ ਤੇ ਆਪਣਾ ਸਭ ਕੁਛ ਅਰਪਨ ਕਰਨ ਨੂੰ ਤਿਆਰ ਹਾਂ?

* ਪ੍ਰਥਮੇ ਤਿਆਗੀ ਹਉਮੈ ਪ੍ਰੀਤਿ
ਦੁਤੀਆ ਤਿਆਗੀ ਲੋਗਾ ਰੀਤਿ॥ ...
(ਪੰਨਾ 370)

* ਰਹਤ ਅਵਰ ਕਛੁ ਅਵਰ ਕਮਾਵਤ॥
ਮਨਿ ਨਹੀਂ ਪ੍ਰੀਤਿ ਮੁਖਹੁ ਗੰਢ ਲਾਵਤ॥
(ਸੁਖਮਨੀ 5-7)

* ਕਹਾ ਭਇਓ ਜਉ ਤਨ ਭਇਓ ਛਿਨੁ ਛਿਨੁ॥ ...
(ਪੰਨਾ 486)

* ਮਨਕਾ ਸੂਤਕੁ ਲੋਭ ਹੈ ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰਧਨ ਰੂਪੁ॥...
(ਪੰਨਾ 472)

* ਤਨੁ ਮਨੁ ਧਨੁ ਸਭੁ ਸਉਪਿ ਗੁਰ
ਕਉ ਹੁਕਮਿ ਮੰਨਿਐ ਪਾਈਐ॥ ...
(ਪੰਨਾ 918)

6. ਕੀ ਲੋਕਾਂ ਨੂੰ ਭੈੜਾ ਕਹਿੰਦੇ ਹਾਂ ਆਪਣੇ ਹੰਕਾਰ ਵਿੱਚ? ਕੀ ਲੋਕਾਂ ਦੀ ਨਿੰਦਾ-ਚੁਗਲੀ ਕਰਦੇ /ਸੁਣਦੇ ਹਾਂ? ਕੀ ਸਭ ਨਾਲ ਪਿਆਰ ਕਰਦੇ ਹਾਂ ਤੇ ਕੀ ਵੈਰੀ ਮੀਤ ਸਮਝਦੇ ਹਾਂ? ਕੀ ਆਪੋ ਕਰਣਹਾਰ ਬਣ ਕੇ ਆਕੜਦੇ ਹਾਂ?

* ਜਾ ਰਹਣਾ ਨਾਹੀ ਐਤੁ ਜਗਿ
ਤਾ ਕਾਇਤੁ ਗਾਰਬਿ ਹੰਢੀਐ॥
ਮੰਦਾ ਕਿਸੈ ਨ ਆਖੀਐ
ਪੜਿ ਅਖਰ ਏਹੋ ਬੁਝੀਐ॥ ...
(ਪੰਨਾ 473)

* ਨਿੰਦਾ ਭਲੀ ਕਿਸੈ ਕੀ ਨਾਹੀ
ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ
ਨਰਕੇ ਘੋਰਿ ਪਵੰਨਿ॥...
(ਪੰਨਾ 755)

* ਕਰਨ ਨ ਸੁਨੈ ਕਾਹੂ ਕੀ ਨਿੰਦਾ॥
ਸਭ ਤੇ ਜਾਨੈ ਆਪਸ ਕਉ ਮੰਦਾ॥ ...
(ਪੰਨਾ 274)

* ਬਿਸਰਿ ਗਈ ਸਭ ਤਾਤਿ ਪਰਾਈ॥
.. (ਪੰਨਾ 1299)

* ਜਬ ਧਾਰੈ ਕੋਊ ਬੈਰੀ ਮੀਤ॥
ਤਬ ਲਗੁ ਨਿਹਚਲੁ ਨਾਹੀ ਚੀਤੁ॥ ...
(ਪੰਨਾ 278)

* ਜਬ ਇਹ ਜਾਨੈ ਮੈ ਕਿਛੁ ਕਰਤਾ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ॥ ...
(ਪੰਨਾ 278)

7. ਕੀ ਅਸੀਂ ਸਭ ਧਰਮਾਂ ਦੀ ਇੱਜਤ ਕਰਦੇ ਹਾਂ

ਤੇ ਸਾਰੀ ਮਾਨਵਤਾ ਨਾਲ ਇੱਕੋ ਜਿਹਾ ਪਿਆਰ ਕਰਦੇ ਹਾਂ? ਕੀ ਆਪਣੇ ਗੁਰੂ ਦੇ ਹੁਕਮਾਂ ਤੇ ਪਰਪਕ ਰਹਿ ਕੇ ਬਾਕੀ ਧਰਮ ਅਸਥਾਨਾਂ ਤੇ ਉਨ੍ਹਾਂ ਦੇ ਪੂਜਾ ਢੰਗਾਂ ਦੀ ਕਦਰ ਕਰਦੇ ਹਾਂ? ਕੀ ਅਸੀਂ ਆਪਣੇ ਅਹੰਕਾਰ ਵਿੱਚ ਦੂਜੇ ਧਰਮਾਂ ਦੀ ਨਿੰਦਾਂ ਕਰ ਜਾਂਦੇ ਹਾਂ? ਕੀ ਅਸੀਂ ਗੁਰੂ ਅਰਜਨ ਦੇਵ ਜੀ ਦਾ "ਸ੍ਰੇਸ਼ਟ ਧਰਮ" ਕਮਾਂਦੇ ਹਾਂ?

* *ਸਰਬ ਧਰਮ ਮਹਿ ਸ੍ਰੇਸਟ ਧਰਮੁ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*

(ਸੁਖਮਨੀ 3-8)

* *ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥*

(ਅਕਾਲ ਉਸਤਤਿ)

* *ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਉਈ ...*

(ਅਕਾਲ ਉਸਤਤਿ)

* *ਸਭ ਕੋ ਮੀਤੁ ਹਮ ਆਪਨ ਕੀਨਾ,*
*ਹਮ ਸਭਨਾ ਕੇ ਸਾਜਨ॥ ...*

(ਪੰਨਾ 671)

8. ਕੀ ਅਸੀਂ ਦਸਵੰਧ ਕੱਢਦੇ ਹਾਂ ਤੇ ਪੈਸੇ ਦੀ ਪਕੜ ਚੋਂ ਨਿਕਲ ਚੁੱਕੇ ਹਾਂ? ਕੀ ਅਸੀਂ ਬੇਈਮਾਨੀ, ਹੇਰਾ ਫੇਰੀ, ਝੂਠੀ ਦੁਕਾਨਦਾਰੀ ਤੇ ਗਪਸ਼ਪ ਵਿੱਚ ਅਜੇ ਵੀ ਲੱਗੇ ਹੋਏ ਹਾਂ?

* *ਘਾਲਿ ਖਾਇ ਕਿਛੁ ਹਥਹੁ ਦੇਇ॥ ...*

(ਪੰਨਾ 1245)

* *ਹਕੁ ਪਰਾਇਆ ਨਾਨਕਾ*
*ਉਸੁ ਸੂਅਰ ਉਸੁ ਗਾਇ॥ ...*

(ਪੰਨਾ 141)

* *ਨਾਨਕ ਲੇਖੈ ਇਕ ਗਲ*
*ਹੋਰ ਹਉਮੈ ਝਖਣਾ ਝਾਖੁ॥ ...*

(ਪੰਨਾ 467)

9. ਕੀ ਅਸੀਂ ਆਪਣੀ ਇਸਤਰੀ ਤੋਂ ਇਲਾਵਾ ਸਭ ਇਸਤ੍ਰੀਆਂ ਨੂੰ ਭੈਣਾਂ, ਮਾਤਾ ਤੇ ਬੱਚੀਆਂ ਜਾਣਦੇ ਹਾਂ?

* *ਦੇਖ ਪਰਾਈਆਂ ਚੰਗੀਆਂ,*
*ਮਾਵਾਂ ਭੈਣਾਂ ਧੀਆਂ ਜਾਣੇ॥ ...*

(ਵਾਰ 29,11)

* *ਜੇ ਲਖ ਇਸਤ੍ਰੀਆਂ ਭੋਗ ਕਰਹਿ...*
*ਬਿਨ ਸਤਗੁਰ ਸੁਖੁ ਨ ਪਾਵਈ...*

(ਪੰਨਾ 26)

10. *ਆਤਮ ਰੰਗ ਦੀ ਡੂੰਘੀ ਪਛਾਣ* : ਕੀ ਅਸੀਂ ਪ੍ਰਭੂ ਨੂੰ ਹਰ ਵੇਲੇ ਹਰ ਛਿਨ, ਹਰ ਥਾਂ ਹਾਜਰਾ ਹਜ਼ੂਰ ਸਮਝਦੇ ਹਾਂ ਜਾਂ ਕੇਵਲ ਬਾਣੀ ਨੂੰ ਪੜ੍ਹ-ਸੁਣ ਛਡਦੇ ਹਾਂ? ਕੀ ਅਸੀਂ ਮੰਨਦੇ ਹਾਂ ਕਿ ਸਾਡੇ ਗੁਰੂ ਨੇ ਸਾਡੇ ਤੇ ਸੁਪ੍ਰਸੰਨ ਹੋ ਕੇ ਸਾਨੂੰ ਉਹ ਅਦ੍ਰਿਸ਼ਟ, ਅਗੋਚਰ ਦਿਖਾ ਦਿੱਤਾ ਹੈ। ਉਹ ਸਾਡੀ ਰਗ-ਰਗ ਵਿੱਚ, ਸਾਡੇ ਖੂਨ ਦੇ ਕਤਰੇ ਵਿੱਚ, ਪ੍ਰੇਮ ਨਾਲ ਬੋਲਦਾ, ਸੁਣਦਾ, ਦੇਖਦਾ ਹੈ। ਕੀ ਸਾਡੇ ਅੰਦਰ ਅੰਮ੍ਰਿਤ ਚੋਂਦਾ ਹੈ ਤੇ ਗੁਰਸ਼ਬਦ ਰਾਹੀਂ ਅਸੀਂ ਅੰਮ੍ਰਿਤ ਪੀਂਦੇ ਰਹਿੰਦੇ ਹਾਂ? ਕੀ ਪ੍ਰਭੂ ਦਾ ਨਿਰਾਕਾਰ ਸਰੂਪ ਸਾਨੂੰ ਗੁਰੂ ਨੇ "ਅਨੰਦ ਸਰੂਪ", "ਪ੍ਰੇਮ ਰੂਪ" ਕਰ ਕੇ ਮਹਿਸੂਸ ਕਰਾ ਦਿੱਤਾ ਹੈ ਤੇ ਕੀ ਹੁਣ ਅਸੀਂ ਜੀਵਨ ਮੁਕਤ ਹੋਏ ਮਹਿਸੂਸ ਕਰਦੇ ਹਾਂ ਜਾਂ ਅਜੇ ਤੱਕ ਮਨ ਦੀ ਆਕੜ ਜਾਂ ਅਸ਼ਾਂਤੀ ਵਿੱਚ ਦੂਜਿਆਂ ਦੇ ਨੁਕਸ ਕੱਢਦੇ ਰਹਿੰਦੇ ਹਾਂ? ਕੀ ਸਾਡੇ ਅੰਦਰ ਆਤਮਬਲ ਆਇਆ ਹੈ ਕਿ ਸਚ ਨੂੰ ਸਚ - calling a spade a spade- ਕਹਿ ਸਕਦੇ ਹਾਂ ਨਫਰਤ ਬਗੈਰ, ਆਕੜ ਬਗੈਰ-

* *ਰੂਪੁ ਨ ਰੇਖ ਨ ਰੰਗੁ ਕਿਛੁ*
*ਤ੍ਰਿਹ ਗੁਣ ਤੇ ਪ੍ਰਭ ਭਿੰਨ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥ ...*

(ਪੰਨਾ 283)

* *ਨਿਕਟਿ ਵਸੈ ਨਾਹੀ ਪ੍ਰਭੁ ਦੂਰੇ॥ ...*

(ਪੰਨਾ 563)

* *ਸਦ ਸੁਣਦਾ ਸਦ ਵੇਖਦਾ*
*ਸਬਦਿ ਰਹਿਆ ਭਰਪੂਰਿ॥*

(ਪੰਨਾ 429)

* *ਅਦ੍ਰਿਸਟੁ ਅਗੋਚਰ ਪਕੜਿਆ ...*

(ਪੰਨਾ 1114)

* *ਸਚੁ ਸੁਣਾਇਸੀ ਸਚ ਕੀ ਬੇਲਾ ...*

(ਪੰਨਾ 723)

ਇਸ ਤੋਂ ਇਲਾਵਾ ਕੀ ਅਸੀਂ ਹਰਿਧਨ ਇਕੱਠਾ ਕਰ ਰਹੇ ਹਾਂ? ਕੀ ਅਸੀਂ ਅਡੰਬਰ, ਝੂਠੇ ਪਸਾਰੇ, ਨਾਲ ਨ ਜਾਣ ਵਾਲੀਆਂ ਦ੍ਰਿਸ਼ਟ ਚੀਜਾਂ ਤੋਂ ਉਤੇ ਉਠ ਚੁੱਕੇ ਹਾਂ? ਕੀ ਅਸੀਂ ਸਮਝ ਗਏ ਹਾਂ ਕਿ ਦੁਨਿਆਵੀ ਧਨ ਚੋਟਾਂ ਹੀ ਮਾਰਦਾ ਹੈ ਤੇ ਅਸਲੀ ਧਨ ਹਰਿਜਸ ਹੈ ਜਿਹੜਾ ਸਾਡੇ ਨਾਲ ਜਾਣਾ ਹੈ ਗੁਰੂ ਕਿਰਪਾ ਨਾਲ।

* *ਜਿਨ ਕੈ ਪਲੈ ਧਨੁ ਵਸੈ*
*ਤਿਨ ਕਾ ਨਾਉ ਫਕੀਰ॥*

ਜਿਨ ਕੈ ਹਿਰਦੈ ਤੂ ਵਸਹਿ,
ਤੇ ਨਰ ਗੁਣੀ ਗਹੀਰ॥ ...

(ਪੰਨਾ 1287)

* ਸਰਮੁ ਧਰਮੁ ਦੁਇ ਨਾਨਕਾ
ਜੇ ਧਨੁ ਪਲੈ ਪਾਇ॥
ਸੋ ਧਨੁ ਮਿਤ੍ਰੁ ਨ ਕਾਢੀਐ
ਜਿਤੁ ਸਿਰਿ ਚੋਟਾਂ ਖਾਇ॥ ...

(ਪੰਨਾ 1287)

### ਆਖਰੀ ਸਬੂਤ

ਕੀ ਸਾਡੇ ਅੰਦਰ ਨਾਮ ਦਾ ਖਜਾਨਾ ਜਮਾ ਹੋ ਗਿਆ ਹੈ ਗੁਰਬਾਣੀ ਵਿਚਾਰ ਰਾਹੀਂ ਤੇ ਨਾਲ ਹੀ ਸ਼ਾਤੀ ਦਾ ਖਜਾਨਾ ਵੀ ਸਵਾਸ-ਸਵਾਸ ਨਾਮ ਜਪ ਕੇ।

* ਜਿਨਾ ਅੰਦਰਿ ਨਾਮੁ ਨਿਧਾਨੁ ਹੈ
ਗੁਰਬਾਣੀ ਵੀਚਾਰਿ॥
ਤਿਨ ਕੇ ਮੁਖ ਸਦ ਉਜਲੇ
ਤਿਤੁ ਸਚੈ ਦਰਬਾਰਿ॥ ...

(ਪੰਨਾ 1422)

* ਸਾਸਿ ਸਾਸਿ ਮਨੁ ਨਾਮੁ ਸਮਾਰੇ
ਇਹ ਬਿਸ੍ਰਾਮ ਨਿਧਿ ਪਾਈ॥ ...

(ਪੰਨਾ 673)

ਹੁਣ ਆਪਣੇ ਅੰਦਰ ਵੜ ਜਾਈਏ ਤੇ ਵੇਖੀਏ - ਕੀ ਅਸੀਂ ਆਤਮ ਰੰਗ ਮਾਣ ਰਹੇ ਹਾਂ, ਗਾਂਦਿਆਂ, ਖਾਂਦਿਆਂ, ਬੈਠਦਿਆਂ, ਸਉਦਿਆਂ, ਚਲਦਿਆਂ...।

ਆਤਮ ਰੰਗ ਦਾ ਮਤਲਬ ਹੈ ਕਿ ਅਸੀਂ ਇਹੋ ਜਿਹੇ ਸਿੱਖ ਹੋਈਏ।


## ਪੁਰਾਣੇ ਮੈਗਜ਼ੀਨ

'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਮੁਫਤ ਪ੍ਰਾਪਤ ਕਰਨ ਲਈ ਲਿਖੋ।
ਅੰਮ੍ਰਿਤ ਕੀਰਤਨ # 422, ਸੈਕਟਰ 15-ਏ, ਚੰਡੀਗੜ੍ਹ


## SEVEN DEADLY SINS OF MODERN SOCIETY

Worship without sacrifice.

Politics without principal.

Wealth without work.

Pleasure without conscience.

Knowledge without character.

Business without morality.

Service without humanity.

*With best compliments from*
***a wellwisher***

# ਹਿੰਦੂ-ਤੁਰਕ ਕਾ ਸਾਹਿਬ ਏਕ

ਸਤਨਾਮ ਸਿੰਘ ਐਡਵੋਕੇਟ ★

ਭਾਰਤ ਰਿਸ਼ੀਆਂ-ਮੁਨੀਆਂ, ਅਵਤਾਰਾਂ ਦਾ ਦੇਸ਼ ਹੋਣ ਕਰਕੇ ਅਧਿਆਤਮਕ ਪੱਖ ਤੋਂ ਪ੍ਰਸਿੱਧ ਸੀ। ਮੰਨੂ ਦੀ ਵਰਣ-ਵੰਡ ਕਰਕੇ ਪੰਡਤ ਲੋਕ ਆਪਣੇ ਆਪ ਨੂੰ ਉਚ-ਜਾਤ ਅਭਿਮਾਨੀ ਅਖਵਾ ਕੇ ਹੋਰਨਾਂ ਗਰੀਬ ਕਿਰਤੀ ਇਨਸਾਨਾਂ ਨੂੰ ਸੂਦਰ ਨੀਚ-ਜਾਤ ਕਰਕੇ ਨਫਰਤ ਕਰਨ ਲੱਗ ਪਏ। ਇਹ ਪੰਡਤ ਬ੍ਰਾਹਮਣ ਲੋਕ ਇੱਕ ਰੱਬ ਵਿੱਚ ਵਿਸ਼ਵਾਸ਼ ਨਹੀਂ ਕਰਦੇ ਸਨ, ਸਗੋਂ ਅਨੇਕਾਂ ਦੇਵੀ-ਦੇਵਤਿਆਂ ਦੀਆਂ ਕਲਪਤ ਮੂਰਤੀਆਂ, ਪੱਥਰ ਦੇ ਬੁੱਤਾਂ ਦੀ ਪੂਜਾ ਕਰਦੇ ਸਨ।

ਇਨ੍ਹਾਂ ਬ੍ਰਾਹਮਣਾਂ ਦੀ ਵਰਣ-ਵੰਡ ਸਦਕਾ ਜੈਨ ਅਤੇ ਬੁੱਧ ਧਰਮ ਦਾ ਵਿਕਾਸ ਹੋਇਆ, ਇਹ ਵੀ ਨਾਸਤਕ ਬੁੱਧੀ ਦੇ ਭਿਖਸ਼ੂ, ਰੱਬ ਦੀ ਹੋਂਦ ਵਿੱਚ ਵਿਸ਼ਵਾਸ਼ ਨਹੀਂ ਕਰਦੇ ਸਨ, ਗੌਤਮ ਬੁੱਧ ਨੂੰ ਹੀ ਰੱਬ ਸਮਝ ਕੇ ਉਸ ਦੇ ਬੁੱਤ, ਮੂਰਤੀਆਂ ਦੀ ਪੂਜਾ ਕਰਨ ਲੱਗੇ। ਸ਼ੰਕਰਾਚਾਰਯ ਨੇ ਬੁੱਧ ਦੇ ਭਿਖਸ਼ੂਆਂ ਨੂੰ ਖਤਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਮੰਦਰਾਂ ਵਿੱਚ ਰਾਮ-ਲਛਮਨ-ਸੀਤਾ, ਕ੍ਰਿਸ਼ਨ-ਰਾਧਾ, ਸ਼ਿਵਲਿੰਗ ਅਤੇ ਅਨੇਕਾਂ ਦੇਵੀ-ਦੇਵਤਿਆਂ ਦੀ ਪੂਜਾ ਹੋਣ ਲੱਗੀ। ਆਮ ਗਰੀਬ ਕਿਰਤੀ ਵਰਗ ਨੂੰ ਸ਼ੂਦਰ ਸਮਝ ਕੇ ਨਫਰਤ, ਗਰੀਬਾਂ ਉਪਰ ਜ਼ੁਲਮ ਹੋਣ ਲੱਗੇ। ਇਹ ਪੰਡਤ ਪਰੋਹਤ ਲਾਲਚੀ, ਹੰਕਾਰੀ, ਈਰਖਾਲੂ ਹੋ ਗਏ, ਆਮ ਲੋਕਾਂ ਨੂੰ ਵਹਿਮਾਂ-ਭਰਮਾਂ, ਰਾਹੂ-ਕੇਤੂ, ਸ਼ਨਿਛਰ-ਮੰਗਲ ਦੇ ਚੱਕਰ ਵਿੱਚ ਪਾ ਕੇ ਧਨ-ਜੇਵਰ ਬਟੋਰਦੇ ਰਹਿੰਦੇ ਕੂੜ-ਕਪਟ ਪ੍ਰਧਾਨ ਹੋ ਗਿਆ। ਸੰਨ 712 ਤੋਂ ਅਰਬ ਦੇਸ਼ਾਂ ਤੋਂ ਮਹੁੰਮਦ ਬਿਨ ਕਾਸਮ, ਮਹਿਮੂਦ ਗਜ਼ਨੀ, ਗੌਰੀ, ਖਿਲਜ਼ੀ ਅਤੇ ਲੋਧੀ ਖਾਨਦਾਨਾਂ ਵੱਲੋਂ ਭਾਰਤ ਦੇ ਹਿੰਦੂਆਂ ਉਪਰ ਹਮਲੇ, ਲੁੱਟ-ਮਾਰ, ਬਰਬਾਦੀ ਕੀਤੀ ਗਈ। ਵੱਡੇ-ਵੱਡੇ ਮੰਦਰ, ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਤੋੜ ਕੇ ਧਨ, ਜ਼ੇਵਰ ਲੁੱਟਿਆ ਗਿਆ, ਨੌਜਵਾਨ ਲੜਕੀਆਂ ਨੂੰ ਗਜ਼ਨੀ ਦੇ ਬਾਜ਼ਾਰਾਂ ਵਿੱਚ ਵੇਚਿਆ ਗਿਆ, ਪਰ ਹਿੰਦੂਆਂ ਦੀ ਗੈਰਤ ਹੀ ਖਤਮ ਹੋ ਚੁੱਕੀ ਸੀ, ਸਾਰੇ ਗੁਲਾਮ ਬਣ ਕੇ ਮੁਹੰਮਦ ਦਾ ਕਲਾਮ ਪੜ੍ਹ ਕੇ ਮੁਸਲਮਾਨ ਬਣਨ ਲੱਗੇ। ਮੁਸਲਮਾਨ ਹਾਕਮ ਸਨ, ਹਿੰਦੂਆਂ ਨੂੰ ਕਾਫ਼ਰ ਕਹਿ ਕੇ ਕਤਲ ਕਰਦੇ ਸਨ।

ਈਰਾਨ ਤੋਂ ਜੋ ਸੂਫੀ ਪੀਰ ਭਾਰਤ ਵਿੱਚ ਆਏ, ਇਹ ਲੋਕਾਂ ਨੂੰ ਧਾਗੇ, ਟੂਣੇ ਤਵੀਤ, ਜੰਤਰ-ਮੰਤਰ, ਫੂਕ ਕੇ ਦੇਂਦੇ, ਆਪਣੀ ਪੂਜਾ ਕਰਵਾਉਂਦੇ, ਕਾਜ਼ੀ ਮੌਲਵੀ ਵੀ ਬੇਈਮਾਨ, ਰਿਸ਼ਵਤਾਂ ਲੈਂਦੇ। ਅਨਿਆਂ ਅਤੇ ਜ਼ੁਲਮ ਕਰਦੇ। ਗੁਰੂ ਜੀ ਨੇ ਵੇਖਿਆ ਕੇ ਆਮ ਲੋਕਾਂ ਨੂੰ ਰੱਬ, ਭਗਤੀ, ਸਿਮਰਨ ਦਾ ਗਿਆਨ ਹੀ ਨਹੀਂ। ਧਰਮ ਦੇ ਨਾਮ ਤੇ ਮੁਸਲਮਾਨ ਬਣਾ ਰਹੇ ਸਨ, ਕਤਲ ਕਰ ਰਹੇ ਸਨ, ਪੀਰ-ਫ਼ਕੀਰ ਚਲੀਹੇ ਕੱਟਦੇ, ਵਰ-ਸਰਾਪ, ਡਰਾਵੇ, ਧਮਕੀਆਂ ਦੇਂਦੇ ਸਨ। ਪੰਡਤ ਪੁਜਾਰੀ ਵੀ ਫੋਕੇ ਕਰਮਕਾਂਡ ਕਰਦੇ ਸਨ, ਕਿਸੇ ਦੇ ਮਨ ਵਿੱਚ ਦਯਾ, ਪਿਆਰ, ਬਰਾਬਰੀ, ਸਾਂਝ ਦੀ ਭਾਵਨਾ ਹੀ ਨਹੀਂ ਹੈ।

"ਸੱਚ ਕਿਨਾਰੇ ਰਹਿ ਗਿਆ, ਖਹਿ ਮਰਦੇ ਬ੍ਰਾਹਮਣ ਮਉਲਾਣੇ"

ਗੁਰੂ ਜੀ ਕੇਵਲ ਇੱਕ ਨਿਰੰਕਾਰ ਦੀ ਭਗਤੀ, ਸਿਮਰਨ, ਸ਼ੁਕਰ ਕਰਦੇ, ਹੋਰ ਕਿਸੇ ਦੇਵੀ-ਦੇਵਤੇ, ਬੁੱਤ, ਸ਼ਿਵਲਿੰਗ, ਸਾਲਗਰਾਮ ਠਾਕਰ ਦੀ ਪੂਜਾ ਨਹੀਂ ਕਰਦੇ ਸਨ। ਗੁਰੂ ਜੀ ਨੇ ਪੰਡਤਾਂ ਵੱਲੋਂ ਕੱਚੇ ਧਾਗੇ ਦਾ ਜੰਞੂ ਪਹਿਨਣ ਤੋਂ ਵੀ ਇਨਕਾਰ ਕੀਤਾ। ਸਾਡੇ ਅੰਦਰ ਲਾਲਚ, ਈਰਖਾ, ਕੁਕਰਮਾਂ, ਜ਼ੁਲਮ ਕਰਨ ਵਾਲੀ ਬੁੱਧੀ ਨੂੰ ਨਾਮ ਸਿਮਰਨ ਨਾਲ ਠੀਕ ਕਰਨਾ ਹੈ। ਗੁਰੂ ਜੀ ਨੇ ਆਪਣੀ ਸ਼ਾਦੀ ਉੱਤੇ ਵੇਦ ਮੰਤਰਾਂ, ਅਗਨੀ ਦੁਆਲੇ ਲਾਵਾਂ ਲੈਣ ਤੋਂ ਇਨਕਾਰ ਕਰਕੇ, ਡੱਟ ਕੇ ਵਿਰੋਧ ਕੀਤਾ, ਤਾਂ ਚੌਧਰੀ ਰਾਏ ਬੁਲਾਰ, ਭਾਈ ਮਰਦਾਨਾ, ਹੋਰ ਅਨੇਕਾਂ ਨਵਾਬ ਦੌਲਤ ਖਾਂ ਮੁਸਲਮਾਨ ਅਤੇ ਖਤਰੀ ਹਿੰਦੂ ਗੁਰੂ ਜੀ ਦੇ ਵਿਚਾਰਾਂ ਦੇ ਸੇਵਕ, ਸ਼ਰਧਾਲੂ ਮੁਰੀਦ ਬਣ ਗਏ। ਗੁਰੂ ਜੀ ਜਦੋਂ ਆਮ ਲੋਕਾਂ ਨੂੰ ਰੱਬ ਦੀ ਸੂਝ, ਧਰਮ ਦੀ ਜਾਣਕਾਰੀ ਅਤੇ ਧਰਮੀ ਜੀਵਨ ਦਾ ਉਪਦੇਸ਼ ਦੇਣ ਲਈ ਗਏ ਤਾਂ ਅਕਾਲਪੁਰਖ ਦੇ ਮੂਲ ਮੰਤਰ ਰਾਹੀਂ ਹਰ ਕਿਸੇ ਨੂੰ ਸਪਸ਼ਟ ਕੀਤਾ ਕਿ ਰੱਬ, ਪਰਮੇਸ਼ਵਰ, ਅੱਲਾ, ਖੁਦਾ ਇੱਕ ਹੈ, ਅਸੀਂ ਸਾਰੇ ਉਸੇ ਇੱਕ ਦੀ ਸੰਤਾਨ ਪੁੱਤਰ ਹਾਂ। ਸਾਨੂੰ ਉਸੇ ਇੱਕ ਦੀ ਭਗਤੀ ਕਰਨੀ ਹੈ, ਮਨ ਵਿੱਚੋਂ ਵਿਸ਼ੇ ਵਿਕਾਰਾਂ, ਪਾਪਾਂ ਵਾਲੀ ਭਰਿਸ਼ਟ ਬੁੱਧੀ ਨੂੰ ਨਿਰਮਲ ਕਰਨਾ ਹੈ, ਆਪਸੀ ਦਯਾ ਪਿਆਰ, ਇਨਸਾਨੀਅਤ ਦੀ ਭਾਵਨਾ ਨਾਲ "ਬੰਦਾ ਸੋ ਜੋ ਪਵੈ ਵਿਚ ਬੰਦੀ" ਮੁਸਲਮਾਨ ਮੋਮ ਦਿਲ ਹੋਵੈ ਦੇ ਉਪਦੇਸ਼ ਦੇਣ ਲਈ ਹਰ ਧਰਮ ਦੇ ਕੇਂਦਰ ਤੇ ਗਏ, ਹਰ ਇਲਾਕੇ ਦੇ ਭਗਤਾਂ, ਸਾਧੂ-ਸੰਤਾਂ, ਫਕੀਰਾਂ-ਪੀਰਾਂ ਦਰਵੇਸ਼ਾਂ ਨਾਲ ਰੱਬ, ਧਰਮ, ਮੁਕਤੀ

★ ਡਾਕਖਾਨਾ: ਰੇਅਨ ਸਿਲਕ ਮਿਲਜ਼, ਸ੍ਰੀ ਅੰਮ੍ਰਿਤਸਰ - 143 104

ਬਾਰੇ ਵਿਚਾਰਾਂ ਕੀਤੀਆਂ। ਆਪ ਜੀ ਦੇ ਨਾਲ ਭਾਈ ਬਾਲਾ ਜੱਟ ਅਤੇ ਭਾਈ ਮਰਦਾਨਾ ਡੂੰਮ ਮਰਾਸੀ, ਰਬਾਬੀ, ਇਲਾਹੀ ਬਾਣੀ, ਸ਼ਬਦ ਕੀਰਤਨ ਕਰਦਾ। ਗੁਰੂ ਦਾ ਪਹਿਰਾਵਾ ਵੀ ਅਨੋਖਾ, ਨਿਰੰਕਾਰੀ ਰੂਪ ਸੀ। ਇਨ੍ਹਾਂ ਤੋਂ ਹਰ ਕੋਈ ਪਹਿਲਾਂ ਪੁੱਛਦਾ ਤੁਸੀਂ ਕੌਣ ਹੋ? ਤਾਂ ਗੁਰੂ ਜੀ ਕਹਿੰਦੇ ਨਾਨਕ ਨਿਰੰਕਾਰੀ, ਨਾ ਹਮ ਹਿੰਦੂ ਨਾ ਮੁਸਲਮਾਨ, ਰੱਬ ਦੇ ਬੰਦੇ, ਪੰਜ ਤੱਤ ਦੇ ਪੁਤਲੇ ਹਾਂ। ਉਸ ਰੱਬ ਦੇ ਹੁਕਮ ਵਿੱਚ ਉਸ ਦਾ ਉਪਦੇਸ਼ ਦੇਣ ਵਾਸਤੇ ਆਏ ਹਾਂ, ਕਿਸੇ ਪ੍ਰਕਾਰ ਦਾ ਕੋਈ ਲਾਲਚ ਨਹੀਂ, ਮਾਇਆ, ਮੋਹ ਦਾ ਤਿਆਗ ਕਰਦੇ ਹਾਂ, ਕੇਵਲ ਰੱਬ ਦਾ ਸਿਮਰਨ, ਭਗਤੀ ਕਰਦੇ ਹਾਂ।

ਜਦੋਂ ਗੁਰੂ ਜੀ ਮੁਸਲਮਾਨ ਪੀਰਾਂ, ਫ਼ਕੀਰਾਂ ਨਾਲ ਰੱਬ ਬਾਰੇ ਪਿਆਰ ਨਾਲ ਗੱਲ ਕਰਦੇ ਕਿ ਅੱਲਾ, ਖੁਦਾ ਇੱਕ ਹੈ, ਉਸ ਦੀ ਬੰਦਗੀ ਕਰੋ, ਤਾਂ ਮੁਸਲਮਾਨ ਪੀਰ ਹੈਰਾਨ ਹੋ ਜਾਂਦੇ ਕਿ ਹਿੰਦੂ ਹੋ ਕੇ ਇੱਕ ਅੱਲਾ, ਖੁਦਾ ਦੀ ਬੰਦਗੀ ਵਾਸਤੇ ਕਹਿੰਦਾ ਹੈ। ਪਰ ਗੁਰੂ ਜੀ ਨੇ ਸੁੰਨਤ ਨਹੀਂ ਕਰਵਾਈ, ਮਹੁੰਮਦ ਦਾ ਕਲਾਮ ਵੀ ਪੜ੍ਹਨ ਤੋਂ ਇਨਕਾਰ ਕੀਤਾ, ਕਿ ਰੱਬ ਦੇ ਬਰਾਬਰ ਕੋਈ ਹੋਰ ਨਬੀ, ਪੈਗੰਬਰ ਨਹੀਂ ਬਾਕੀ ਦੇ ਸੰਸਾਰ ਵਿੱਚ ਪੈਦਾ ਹੋਏ, ਮਰ ਗਏ, ਰੱਬ ਅਬਨਾਸ਼ੀ ਹੈ। ਜੋ ਰੱਬ, ਖੁਦਾ, ਅੱਲਾ ਦੀ ਬੰਦਗੀ ਕਰਦਾ ਹੈ, ਉਹ ਉਸ ਦੇ ਪੈਦਾ ਕੀਤੇ ਹੋਰਨਾਂ ਬੰਦਿਆਂ ਨਾਲ ਪਿਆਰ, ਹਮਦਰਦੀ ਕਰਦਾ ਹੈ, ਗਰੀਬਾਂ ਅਨਾਥਾਂ ਉਪਰ ਦਯਾ ਕਰਦਾ ਹੈ, ਕਿਸੇ ਨਾਲ ਨਫਰਤ ਨਹੀਂ ਕਰਦਾ। ਜੋ ਇਨਸਾਨਾਂ ਨੂੰ ਨਫਰਤ ਕਰਦਾ ਹੈ, ਉਹ ਕਾਫ਼ਰ, ਸ਼ੈਤਾਨ ਹੈ। ਗੁਰੂ ਜੀ ਜਿਸ ਇਲਾਕੇ ਵਿੱਚ ਗਏ, ਨਗਰ ਤੋਂ ਬਾਹਰ ਇੱਕ ਪਾਸੇ ਬੈਠ ਕੇ ਇਲਾਹੀ ਸ਼ਬਦ ਕੀਰਤਨ ਕਰਦੇ, ਸੰਗਤ-ਪੰਗਤ, ਲੰਗਰ ਦੇ ਪ੍ਰਵਾਹ ਚਲਾਉਂਦੇ, ਵੱਖਰੀ ਧਰਮਸ਼ਾਲਾ ਕਾਇਮ ਕਰਦੇ, ਜਿੱਥੇ ਹਰ ਕੋਈ ਜ਼ਾਤ ਦਾ ਇਨਸਾਨ ਬੈਠ ਕੇ ਰੱਬ ਦੀ ਭਗਤੀ ਪੂਰੀ ਆਜ਼ਾਦੀ ਨਾਲ ਕਰਦਾ, ਸੰਗਤ ਵਿੱਚ ਹਿੰਦੂ, ਮੁਸਲਮਾਨ, ਸਾਧੂ-ਸੰਤ, ਪੀਰ-ਫ਼ਕੀਰ ਅਤੇ ਗਰੀਬ ਕਿਰਤੀ, ਮਜ਼ਦੂਰ ਲੋਕ ਵੀ ਆ ਕੇ ਅਨੰਦ ਮਾਣਦੇ, ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦੇ ਉਪਦੇਸ਼ ਦੇਂਦੇ ਕਿ ਰੱਬ, ਅੱਲਾ, ਖੁਦਾ ਹਰ ਥਾਂ ਅਤੇ ਉਸ ਦੀ ਜੋਤਿ ਸਾਡੇ ਹਰ ਕਿਸੇ ਦੇ ਅੰਦਰ ਹੈ, ਅਸੀਂ ਆਪਣੀ ਆਤਮਾ ਨੂੰ ਉਸਦੀ ਭਗਤੀ, ਨਾਮ ਸਿਮਰਨ ਨਾਲ ਪਵਿੱਤਰ, ਨਿਰਮਲ ਕਰਨਾ ਹੈ, ਤਾਂ ਹੀ ਸਾਡੀ ਪਵਿੱਤਰ ਆਤਮਾ ਉਸ ਪਰਮ-ਆਤਮਾ ਵਿੱਚ ਸਮਾ ਸਕਦੀ ਹੈ ਅਤੇ ਆਵਾਗਵਨ ਤੋਂ ਮੁਕਤੀ ਉਸਦੀ ਕਿਰਪਾ ਅਤੇ ਸਾਡੇ ਕੀਤੇ ਕਰਮਾਂ ਅਨੁਸਾਰ ਮਿਲਦੀ ਹੈ।

ਅੱਜ ਅਸੀਂ ਗੁਰੂ ਨਾਨਕ ਦੇਵ ਜੀ ਦੇ ਸਿੱਖ ਤਾਂ ਅਖਵਾਉਂਦੇ ਹਾਂ, ਪਰ ਸਾਡੇ ਘਰਾਂ, ਪਰਿਵਾਰਾਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਸੰਪੂਰਨ ਜੀਵਨੀ ਅਤੇ ਉਪਦੇਸ਼ਾਂ ਬਾਰੇ ਕੋਈ ਚੰਗੀ ਪ੍ਰਮਾਣਿਕ ਪੁਸਤਕ ਹੀ ਨਹੀਂ ਹੈ। ਹਰ ਮਾਈ-ਭਾਈ, ਲੇਖਕ ਪਾਸੋਂ ਇਹ ਪੁਸਤਕ ਮੰਗਵਾ ਕੇ ਲਾਭ ਉਠਾ ਕੇ ਜੀਵਨ ਸਫਲਾ ਕਰ ਸਕਦਾ ਹੈ।

ਅੱਜ ਅਸੀਂ ਵੇਖ ਰਹੇ ਹਾਂ ਕਿ ਇਲੈਕਸ਼ਨਾਂ ਦੇ ਪ੍ਰਚਾਰ ਕਰਦੇ ਲੱਖਾਂ, ਕਰੋੜਾਂ ਰੁਪਏ, ਬਿਆਨ-ਬਾਜ਼ੀਆਂ, ਇਸ਼ਤਿਹਾਰ-ਬਾਜ਼ੀਆਂ, ਸ਼ਰਾਬ-ਵਿਸਕੀ, ਭੰਗੜੇ ਆਦਿ ਰੰਗਾ-ਰੰਗ ਪ੍ਰੋਗਰਾਮ ਲਈ ਟੋਲੇ ਬਣ ਕੇ, ਸਮਾਂ ਅਤੇ ਧਨ ਨਸ਼ਟ ਕਰਦੇ ਹਾਂ, ਪਰ ਆਪਣੇ ਧਰਮ, ਇਤਿਹਾਸ ਗੁਰੂ ਸਾਹਿਬ ਦੀ ਜੀਵਨੀ, ਉਪਦੇਸ਼ਾਂ ਦਾ ਘਰ-ਘਰ ਪ੍ਰਚਾਰ ਕਰਨ ਤੋਂ ਸੰਕੋਚ ਹੀ ਕਰ ਰਹੇ ਹਾਂ। ਅੱਜ ਅਸੀਂ ਪ੍ਰਚਾਰ ਦੇ ਪੱਖ ਤੋਂ ਬਹੁਤ ਪਛੜੇ ਹੋਏ ਹਾਂ, ਸੋ ਹਰ ਮਾਈ ਭਾਈ ਨੂੰ ਵੱਧ ਤੋਂ ਵੱਧ ਸਹਿਯੋਗ ਦੇ ਕੇ ਆਪਣੀ ਕਿਰਤ ਕਮਾਈ ਮਾਇਆ ਪ੍ਰਚਾਰ ਲਈ ਸਫਲ ਕਰਨ ਦੀ ਲੋੜ ਹੈ। ☬

HOTEL AROMA COMPLEX

HOTEL AROMA COMPLEX
Himalaya Marg, Sector 22-C, Chandigarh 160 022
Phone : 700045-48 Fax : 0172-700051

# ਤਿਆਗ-ਮਾਨ

ਬਲਵਿੰਦਰ ਸਿੰਘ ★

ਅਹੰਕਾਰ ਦਾ ਬੜਾ ਪਸਾਰਾ ਹੈ। ਇਸ ਤਰ੍ਹਾਂ ਮਨੁੱਖੀ ਅਕਲ ਤੇ ਬੁੱਧੀ ਦਾ ਬੜਾ ਪਸਾਰਾ ਹੈ। ਮਨੁੱਖ ਦੀ ਬੁੱਧ ਹੀ ਨਿੱਤ ਨਵੀਆਂ ਕਾਢਾਂ ਕੱਢਦੀ ਹੈ। ਵਿਗਿਆਨ ਦੇ ਅਵੱਸ਼ਕਾਰ ਹੁੰਦੇ ਹਨ। ਬੁੱਧੀ ਬਲ ਨਾਲ ਹੀ ਮਨੁੱਖ ਆਪਣੇ ਰਹਿਣ ਸਹਿਣ ਤੇ ਜੀਵਨ ਨੂੰ ਸੁਖਾਲਾ ਬਣਾਉਂਦਾ ਹੈ ਅਤੇ ਸੁਖਾਲਿਓਂ ਹੋਰ ਸੁਖਾਲਾ ਕਰੀ ਜਾ ਰਿਹਾ ਹੈ। ਇਤਨਾ ਸੁਖਾਲਾ ਕਿ ਉਹ ਕੁਦਰਤ ਤੋਂ ਵੀ ਟੁੱਟ ਚੁੱਕਾ ਹੈ। ਅਹੰਕਾਰ ਬੁੱਧੀ ਦੇ ਅੰਦਰੋਂ ਹੀ ਪੈਦਾ ਹੋਇਆ ਮੰਨਿਆ ਜਾਂਦਾ ਹੈ।

ਹਉਂ ਵੀ ਇਸੇ ਹੀ ਸਿਲਸਿਲੇ ਦਾ ਇੱਕ ਅਵਗੁਣ ਹੈ। ਹਉਂ ਵਿੱਚ ਹੀ ਜਨਮ, ਮਰਨ, ਲੈਣਾ ਦੇਣਾ, ਆਉਣ ਜਾਣ, ਨੱਚ ਟੱਪ, ਦਿਖਾਵੇ, ਬੇਲੋੜੇ ਪ੍ਰਦਰਸ਼ਨ ਤੇ ਹੋਰ ਕਿਤਨਾ ਕੁਝ ਕੀਤਾ ਜਾ ਰਿਹਾ ਹੈ। ਹਉਂ ਹਿਰਦੇ ਜਾਂ ਅੰਤਹਿਕਰਣ ਦੀ ਇੱਕ ਬੇਹੱਦ ਜਬਰਦਸਤ ਕਮਜੋਰੀ ਹੈ। ਹਉ ਦਾ ਅੱਖਰੀ ਅਰਥ ' ਮੈਂ ' ਹੈ। ' ਮੈਂ ' ਇਤਨੀ ਬਲਵਾਨ ਹੈ ਕਿ ਬੰਦਾ ਮਰ ਜਾਂਦਾ ਹੈ ਇਹ ਨਹੀਂ ਮਰਦੀ।

ਨਿੰਦਿਆ, ਜੁਗਲੀ, ਬਖੀਲੀ, ਹੱਠ, ਆਪਣੀ-ਧਾਰੀ ਆਦਿ ਇਕੋ ਹੀ ਖਾਨਦਾਨ ਦੇ ਹਨ। ਇਸ ਪਰਿਵਾਰ ਦਾ ਇੱਥ ਹੋਰ ਬੜਾ ਮੀਸਣਾ ਤੇ ਮੋਮਠਗਣਾ ਮੈਂਬਰ ਹੈ ਮਾਨ। ਇਹ ਬੜਾ ਸੂਖਮ ਤੇ ਅਦਰਿਸ਼ ਜਿਹਾ ਹੈ। ਅਛੋਪਲੇ ਜਿਹੇ ਮਨੁੱਖ ਦੇ ਅੰਦਰ ਬੜੀ ਢੀਠਾਈ ਨਾਲ ਕਿਤੇ ਘਰ ਕਰਕੇ ਬੈਠਾ ਰਹਿੰਦਾ ਹੈ। ਮਾਨ ਦਾ ਅੱਖਰੀ ਭਾਵ ਇੱਜ਼ਤ ਜਾਂ ਆਦਰ ਹੈ। ਇਸਦੀ ਪ੍ਰਾਪਤੀ ਸਾਨੂੰ ਆਪਣੇ ਆਲੇ-ਦੁਆਲੇ ਸਮਾਜ ਜਾਂ ਰਾਜ ਆਦਿ ਤੋਂ ਹੁੰਦੀ ਹੈ। ਮਨੁੱਖ ਸਭ ਕੁਝ ਤਿਆਗ ਦਿੰਦਾ ਹੈ, ਪਰ ਮਾਨ ਉਸ ਪਾਸੋਂ ਨਹੀਂ ਤਜਿਆ ਜਾਂਦਾ। ਜਿਹੜੇ ਰਿਸ਼ੀ, ਮੁਨੀ ਜਾਂ ਹੋਰ ਮਾਇਆ ਦਾ ਤਿਆਗ ਕਰਨ ਦਾ ਦਾਅਵਾ ਕਰਦੇ ਹਨ ਕਿ ਉਹ ਮਾਨ ਨੂੰ ਤਿਆਗ ਸਕੇ ਹੋਣ ਇਹ ਅਸੰਭਵ ਜਿਤਨਾ ਕਠਨ ਜਾਪਦਾ ਹੈ। ਮਾਨ ਦੀ ਦਸ਼ਾ ਇਹ ਹੈ ਕਿ ਜਦੋਂ ਸਾਨੂੰ ਕਿਤੋਂ ਮਾਨ ਨਾ ਵੀ ਮਿਲ ਰਿਹਾ ਹੋਵੇ, ਅਸੀਂ ਆਪਣੇ ਆਪ ਹੀ ਆਪਣੇ ਉਤੇ ਮਾਨ ਕਰੀ ਜਾਂਦੇ ਹਾਂ, ਤੇ ਕਹਿੰਦੇ ਹਾਂ, ਮੇਰਾ ਬੜਾ ਸਨਮਾਨ ਹੈ ਸਮਾਜ ਵਿੱਚ, ਜਿੱਥੇ ਜਾਵਾਂ ਅੱਗੋਂ ਆਦਰ ਮਿਲਦਾ ਹੈ ਆਦਿ। ਇਹ ਇੰਝ ਹੀ ਹੈ ਜਿਵੇਂ ਕੋਈ ਆਪਣਾ ਮੱਥਾ ਆਪ ਹੀ ਚੁੰਮਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

ਗੁਰਮਤਿ ਅਨੁਸਾਰ ਮਾਇਆ ਨੂੰ ਸਮਝਣ ਦੀ ਜ਼ਰੂਰਤ ਹੈ। ਇਹ ਸਾਰਾ ਪਸਾਰਾ ਉਸ ਦੀ ਮਾਇਆ ਹੈ। ਤੇ ਜੇ ਇਸ ਦੇ ਅੰਦਰ ਰਹਿੰਦਿਆਂ ਉਹ ਵਾਹਿਗੁਰੂ ਚੇਤਾ ਰਹੇ ਤਾਂ ਇਹ ਮਾਇਆ ਨਹੀਂ ਸਗੋਂ ਉਸਦੀ ਮਾਇਆ ਹੈ, ਮਿਹਰ ਹੈ, ਦਾਤ ਹੈ ਤੇ ਕਿਰਪਾ ਹੈ। ਗੱਲ ਤਾਂ ਇਹ ਹੈ ਕਿ ਸਦਾ ਵਾਹਿਗੁਰੂ ਨੂੰ ਚੇਤਾ ਰੱਖਿਆ ਜਾਏ, ਉਹ ਦਿਨੇ ਰਾਤ ਕਿਸੇ ਵੇਲੇ ਵੀ ਸਾਨੂੰ ਨਾ ਭੁੱਲੇ। ਹੁਕਮ ਹੈ :

*ਦਿਨੁ ਰਾਤੀ ਆਰਾਧਹੁ ਪਿਆਰੇ*
*ਨਿਮਖ ਨ ਕੀਜੈ ਢੀਲਾ॥*
*ਸੰਤ ਸੇਵਾ ਕਰਿ ਭਾਵਨੀ ਲਾਈਐ*
*ਤਿਆਗਿ ਮਾਨੁ ਹਾਠੀਲਾ॥*
*ਮੋਹਨ ਪ੍ਰਾਨ ਮਾਨ ਰਾਗੀਲਾ॥*
*ਬਾਸਿ ਰਹਿਓ ਹੀਅਰੈ ਕੈ ਸੰਗੇ*
*ਪੇਖਿ ਮੋਹਿਓ ਮਾਨੁ ਲੀਲਾ॥*

(ਗੂਜਰੀ ਮਹਲਾ ਪੰਜਵਾਂ)

ਜਦੋਂ ਕੋਈ ਮਨੁੱਖ ਇਸ ਗੱਲ ਦਾ ਵਿਖਾਵਾ ਕਰੇ ਕਿ ਮੈਂ ਸਭ ਕੁਝ ਤਿਆਗ ਕਰ ਚੁੱਕਾ ਹਾਂ। ਮੈਨੂੰ ਸੰਸਾਰ ਆਸਰਾ ਅਤੇ ਪਰਿਵਾਰ ਨਾਲ ਕੋਈ ਮੋਹ ਨਹੀਂ ਤਾਂ ਸਮਝੋ ਕਿ ਉਹ ਤਿਆਗ-ਮਾਨ ਦਾ ਸ਼ਿਕਾਰ ਹੋ ਚੁੱਕਾ ਹੈ। ਵਾਹਿਗੁਰੂ ਮਨ ਵਿੱਚ ਰਹਿੰਦਾ ਹੈ। ਮਨ ਦੇ ਕੋਲ ਕੋਲ ਤੇ ਉਸਦੇ ਸੰਗ ਉਸਦਾ ਵਾਸਾ ਹੈ। ਮਾਨ ਵੀ ਉਥੇ ਹੀ ਰਹਿੰਦਾ ਹੈ। ਇਸ ਦਾ ਤਿਆਗ ਸੁਖ ਸੁਵਿਧਾਵਾਂ ਆਦਿ ਦੇ ਤਿਆਗ ਨਾਲ ਨਹੀਂ ਹੁੰਦਾ। ਬਿਮਾਰੀ ਇਹ ਹੈ ਕਿ ਇਸ ਓਪਰੇ ਤਿਆਗ ਨਾਲ ਮਾਨ ਹੋਰ ਬਲਵਾਨ ਹੋ ਜਾਂਦਾ ਹੈ। ਓਹੀ ਤਿਆਗ-ਮਾਨ ਹੈ। ਇਹ ਬੜਾ ਬੇਈਮਾਨ ਹੈ। ਜੇ ਸਤਿਗੁਰੂ ਅਕਾਲ ਪੁਰਖ ਉਤੇ ਈਮਾਨ ਆਵੇ, ਸਾਧ ਸੰਗਤ ਦੀ ਸੇਵਾ, ਬਿਨਾਂ ਕਿਸੇ ਇੱਛਾ ਦੇ ਪਵਿੱਤਰ ਭਾਵਨਾ ਨਾਲ ਕੀਤੀ ਜਾਏ ਤਾਂ ਤਿਆਗ-ਮਾਨ ਨੂੰ ਤਿਆਗਿਆ ਜਾ ਸਕਦਾ ਹੈ। ਗੁਰੂ ਮਹਾਰਾਜ ਫੁਰਮਾਉਂਦੇ ਹਨ ਇਹ ਬੜਾ ਹਠੀਲਾ, ਢੀਠ ਤੇ ਜ਼ਿੱਦੀ ਹੈ, ਅਮੋੜ ਹੈ, ਬੇਸੁਰਾ ਹੈ। ਆਪਣਾ ਰਾਗ ਵੱਖਰਾ ਹੀ ਅਲਾਪੀ ਜਾਂਦਾ ਹੈ ਅਤੇ ਮਨੁੱਖ ਦੇ ਸ਼ੁਭਗੁਣਾਂ ਨੂੰ ਸਰਾਪੀ ਜਾਂਦਾ ਹੈ। ਜਦੋਂ ਮਾਨ ਤਿਆਗਣ ਦਾ ਮਾਨ ਨਹੀਂ ਰਹੇਗਾ, ਤਿਆਗਮਾਨ ਖਤਮ ਹੋ ਜਾਏਗਾ ਤਾਂ ਰਾਂਗੀਲੇ ਵਾਹਿਗੁਰੂ ਦਾ ਰਾਗ ਸ਼ਬਦ ਅਨਾਹਤ ਸਾਫ਼ ਸੁਣਾਈ

★ # 212-D, Bhai Randhir Singh Nagar, Ludhiana

ਦੇਣ ਲੱਗ ਜਾਏਗਾ।

*ਜਿਸੁ ਸਿਮਰਤ ਮਨਿ ਹੋਤ ਅਨੰਦਾ*
*ਉਤਰੈ ਮਨਹੁ ਜੰਗੀਲਾ॥*
*ਮਿਲਬੇ ਕੀ ਮਹਿਮਾ ਬਰਨਿ ਨ ਸਾਉ*
*ਨਾਨਕ ਪਰੈ ਪਰੀਲਾ॥*

ਇਸ ਪ੍ਰਕਾਰ ਮਨ ਅਨੰਦ ਵੀ ਅਵਸਥਾ ਵਿੱਚ ਆ ਜਾਂਦਾ ਹੈ ਕਿਉਂਕਿ ਕਠੋਰ ਹੋਏ ਮਨ ਦੇ ਉੱਤੋਂ ਜੰਗਾਲ ਰੂਪ ਜਨਮਾਂ ਜਨਮਾਂ ਦੀ ਮੈਲ ਉਤਰ ਜਾਂਦੀ ਹੈ। ਇਹ ਅਵਸਥਾ ਹੈ ਹਠੀਲੇ ਤਿਆਗ-ਮਾਨ ਨੂੰ ਤਿਆਗਣ ਵਾਲੇ ਗੁਰਮੁਖ ਦੀ। ਪਾਤਸ਼ਾਹ ਉਸਦੀ ਸਲ੍ਹਾਉਣਾ ਕਰਦਿਆਂ ਆਖਦੇ ਹਨ, ਉਹ ਪੁਰਖ ਅੱਗੇ ਹਨ, ਹੋਰ ਅਗੇਰੇ ਹਨ ਤੇ ਉਹ ਪਰੇ ਤੋਂ ਵੀ ਪਰੇ ਹਨ।

ਮਨ ਨੂੰ ਤਿਆਗ ਕੇ ਅਸੀਂ ਜਨਮਾਂ ਜਨਮਾਂ ਦੇ ਚੱਕਰਾਂ ਵਿੱਚ ਭਟਕ ਭਟਕ ਕੇ ਰਹਿ ਜਾਂਦੇ ਹਾਂ। ਅਗਲੀ ਗੱਲ ਦਾ ਪਤਾ ਹੀ ਨਹੀਂ ਲੱਗਦਾ। ਪਾਤਸ਼ਾਹ ਹੁਕਮ ਕਰਦੇ ਹਨ ਕਿ ਅਸੀਂ ਸੰਤ ਸੇਵਾ ਲਈ ਸਾਧ ਸੰਗਤ ਵਿੱਚ ਆਈਏ। ਇਸ ਪ੍ਰਕਾਰ ਸਾਨੂੰ ਇੱਕ ਨਵਾਂ ਜਨਮ ਪ੍ਰਾਪਤ ਹੋ ਜਾਏਗਾ। ਭਾਵਨੀ ਦੇ ਨਾਲ ਸੇਵਾ ਕਰਕੇ ਗੁਰਮਤਿ ਦੇ ਆਦੇਸ਼ ਅਨੁਸਾਰ ਹਰੀ ਭਗਤੀ ਕਰੀਏ। ਹੁਕਮ ਹੈ :

*ਸਾਧ ਸੰਗਿ ਭਇਓ ਜਨਮੁ ਪਰਾਪਤਿ॥*
*ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥*
*ਤਿਆਗਿ ਮਾਨ ਝੂਠ ਅਭਿਮਾਨੁ॥*
*ਜੀਵਤ ਮਰਹਿ ਦਰਗਹ ਪਰਵਾਨੁ॥*

(ਗਉੜੀ ਗੁਆਰੇਰੀ ਮਹਲਾ ਪੰਜਵਾਂ)

ਸਾਧ ਸੰਗਤ ਦੀ ਸੇਵਾ ਕਰਕੇ ਮਾਣ ਨਾ ਹੋ ਜਾਏ, ਸਾਨੂੰ ਇਹ ਵੀ ਮਾਨ ਨਹੀਂ ਹੋਣਾ ਚਾਹੀਦਾ ਕਿ ਮੈਂ ਬੜੀ ਨਿਮਰਤਾ ਵਾਲਾ ਹਾਂ ਤੇ ਮਾਨ ਤਿਆਗ ਚੁੱਕਾ ਹਾਂ। ਇਹ ਤਿਆਗ-ਮਾਨ ਬੜਾ ਝੂਠਾ ਹੈ, ਬੜਾ ਸੂਖਮ ਤੇ ਅਦਿਰਸ਼ ਹੈ, ਸੂਖਮ ਅਹੰਕਾਰ ਦੀ ਨਿਆਈ ਹੈ। ਤਿਆਗ-ਮਾਨ ਦਾ ਰੋਗ ਜੇ ਨਾ ਲੱਗੇ ਤਾਂ ਜੀ ਮਰੇ ਵਾਲੀ ਅਵਸਥਾ ਪ੍ਰਾਪਤ ਹੋ ਜਾਵੇਗੀ। ਜੀਵਨ ਮੁਕਤੀ ਮਿਲ ਜਾਏਗੀ ਅਤੇ ਦਰਗਾਹ ਵਿੱਚ ਪ੍ਰਵਾਨ ਹੋਵਾਂਗੇ। ਐਸੀ ਨਿਰਮੁਲ ਸੁਮੱਤ ਹੈ ਗੁਰਮਤਿ ਦੀ।

ਇੱਕ ਵਾਰੀ ਹਜ਼ਰਤ ਮੁਹੰਮਦ ਸਾਹਿਬ ਦੀ ਬੇਟੀ ਬੀਬੀ ਫਾਤਮਾ ਕੋਲ ਇੱਕ ਤਿਆਗੀ ਬਿਹੰਗਮ ਫ਼ਕੀਰ ਆਇਆ। ਆਪਣੀ ਭੁੱਖ ਦਾ ਇਜ਼ਹਾਰ ਕਰਕੇ ਉਸਨੇ ਬੀਬੀ ਫਾਤਮਾ ਤੋਂ ਖਾਣਾ ਮੰਗਿਆ। ਬੀਬੀ ਫਾਤਮਾ ਗਰੀਬੀ ਵਿੱਚ ਜੀਵਨ ਬਤੀਤ ਕਰ ਰਹੇ ਸਨ ਪਰ ਸਦਾ ਅੱਲ੍ਹਾ ਦੇ ਰੰਗ ਵਿੱਚ ਰਹਿੰਦੇ ਤੇ ਨਿੱਤ ਹੀ ਉਸਦਾ ਸ਼ੁਕਰ ਕਰਦੇ। ਉਹਨਾਂ ਨੇ ਦੋ ਰੋਟੀਆਂ ਇੱਕ ਮਿੱਟੀ ਦੇ ਭਾਂਡੇ ਵਿੱਚ ਉਸ ਫ਼ਕੀਰ ਅੱਗੇ ਪਰੋਸ ਦਿੱਤੀਆਂ। ਉਸ ਫ਼ਕੀਰ ਨੇ ਬੀਬੀ ਨੂੰ ਕਿਹਾ ਕਿ ਜੇ ਲੂਣ ਦੀ ਡਲੀ ਹੋ ਜਾਏ ਤਾਂ ਬੜਾ ਚੰਗਾ ਰਹੇਗਾ, ਸੁਖ ਸੁਆਦ ਬਣ ਜਾਏਗਾ। ਬੀਬੀ ਉਸਨੂੰ ਰੋਕ ਕੇ ਮਹਾਜਨ ਕੋਲ ਆਪਣਾ ਉਜੂ ਕਰਨ ਵਾਲਾ ਲੋਟਾ ਗਿਰਵੀ ਰੱਖ ਕੇ ਲੂਣ ਲੈ ਆਈ ਤੇ ਫ਼ਕੀਰ ਅੱਗੇ ਪਰੋਸ ਦਿੱਤਾ। ਫ਼ਕੀਰ ਰੋਟੀ ਖਾਈ ਜਾ ਰਿਹਾ ਸੀ ਤੇ ਨਾਲ ਕਹੀ ਜਾ ਰਿਹਾ ਸੀ ਕਿ ਅਸੀਂ ਤਾਂ ਰੱਬ ਦੇ ਸ਼ੁਕਰ ਵਾਲੇ ਫ਼ਕੀਰ ਹਾਂ ਜੋ ਮਿਲੇ ਖਾ ਲੈਂਦੇ ਹਾਂ। ਜਦੋਂ ਉਹ ਰੋਟੀ ਖਾ ਹਟਿਆ ਤਾਂ ਵੀ ਇਸੇ ਪ੍ਰਕਾਰ ਆਪਣੇ ਤਿਆਗ ਦਾ ਮਾਨ ਕਰਦਾ ਰਿਹਾ। ਤਦੋਂ ਬੀਬੀ ਫਾਤਮਾ ਕੋਲੋਂ ਬੋਲੀ, ਬਾਬਾ ਜੇ ਤੂੰ ਸ਼ੁਕਰਾਨੇ ਵਿੱਚ ਹੁੰਦਾ ਤੇਨੂੰ ਤਿਆਗ-ਮਾਨ ਨਾ ਹੁੰਦਾ ਤਾਂ ਮੈਨੂੰ ਉਜੂ ਵਾਲਾ ਲੋਟਾ ਗਿਰਵੀ ਨਾ ਰੱਖਣਾ ਪੈਂਦਾ।

ਮਾਇਆ ਵੀ ਤਿਆਗੀ ਜਾਂਦੀ ਹੈ, ਮਾਨ ਵੀ ਤਿਆਗਿਆ ਜਾ ਸਕਦਾ ਹੈ ਪਰ ਤਿਆਗ-ਮਾਨ ਤਿਆਗਣ ਵਾਲੇ ਵਿਰਲੇ ਗੁਰਮੁੱਖ ਹਨ। ਕਬੀਰ ਸਾਹਿਬ ਫੁਰਮਾਉਂਦੇ ਹਨ।

*ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ॥*
*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥*

(ਸਲੋਕ ਕਬੀਰ ਜੀ ਕੇ) ☬


**ਤਿੰਨ ਅਨਮੋਲ ਪੁਸਤਕਾਂ**

- ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ)
- ਗੁਰਮਤਿ ਸੰਗੀਤ ਵਿਸ਼ੇਸ਼ ਅੰਕ
- ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

*ਕੇਵਲ ਸੌ ਰੁਪਏ ਵਿਚ ਡਾਕ ਖਰਚ ਸਮੇਤ – ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15 ਏ, ਚੰਡੀਗੜ੍ਹ*

# ■ ਝਿਮ ਝਿਮ ਵਰਸੈ ਅੰਮ੍ਰਿਤ ਧਾਰਾ, ਮਨੁ ਪੀਵੈ ਸੁਨਿ ਸਬਦੁ ਬੀਚਾਰਾ ■

**ਭਗਵੰਤ ਸਿੰਘ ਦਲਾਵਰੀ ★**

'ਖਾਲਸਾ ਸਮਾਚਾਰ' ਦੇ ਪਿਛਲੇ ਅੰਕ ਵਿੱਚ, ਬਹੁਤ ਪ੍ਰੇਰਨਾਦਾਇਕ ਲੇਖ- "ਕੀ ਅਸੀਂ ਆਤਮ ਰੰਗ ਮਾਣ ਰਹੇ ਹਾਂ- ਸਵੈ ਪੜਚੋਲ ਕਰੀਏ", ਪੜ੍ਹਿਆ। ਹਾਲਾਂਕਿ ਉਸ ਅੰਦਰ ਉਠਾਏ ਸਾਰੇ ਸਵਾਲਾਂ ਦਾ ਮੇਰਾ ਜੁਆਬ ਨਾਂਹ ਵਿੱਚ ਹੋਵੇਗਾ, ਪਰ ਰਮੇਸ਼ ਸਿੰਘ ਦੇ ਲੇਖ ਵਿੱਚੋਂ ਮੈਨੂੰ ਗੱਲ ਬਹੁਤ ਚੰਗੀ ਲੱਗੀ ਉਹ ਇਹ ਸੀ ਕਿ, ਅਸੀਂ ਸਿੱਖੀ ਨੂੰ ਨਾਮ, ਸਿਮਰਨ, ਕੀਰਤਨ, ਸੰਗਤ ਆਦਿ ਦੇ ਕੇਵਲ ਬਾਹਰਲੇ ਚਿਨ੍ਹਾਂ ਤਕ ਸੀਮਤ ਨਾ ਰੱਖੀਏ ਵਰਨਾ ਗੁਰੂ ਦੇ ਹੁਕਮਾਂ ਤੇ ਜੀਵਨ ਢਾਲ ਕੇ, ਆਪਣੀ ਅੰਦਰਲੀ ਖੋਜ ਦੁਆਰਾ, ਅੰਦਰੋਂ ਗੰਦ ਕੱਢ ਕੇ, ਸ਼ਬਦ ਦੀ ਕਮਾਈ ਕਰੀਏ ਤਾਂ ਜੋ ਇਹ ਜਾਹਿਰ ਹੋਵੇ ਕਿ ਗੁਰੂ ਸਾਹਿਬਾਨ ਦੇ ਹੁਕਮ ਰੋਜ਼ਾਨਾ ਜ਼ਿੰਦਗੀ ਅੰਦਰ ਅਮਲ ਵਿੱਚ ਲਿਆਉਣ ਲਈ ਹਨ ਅਤੇ ਇਨ੍ਹਾਂ ਤੇ ਅਮਲ ਕਰਨਾ ਸੰਭਵ ਹੈ ਅਤੇ ਹਰ ਕੋਈ ਸਿੱਖ-ਗੈਰਸਿੱਖ, ਅਮਲੀ ਜੀਵਨ ਵਾਲੇ ਸਿੱਖ ਦਾ ਕਿਰਦਾਰ ਵੇਖ ਕੇ ਇਹ ਪੁਛਣ ਲਈ ਮਜਬੂਰ ਹੋ ਜਾਏ ਕਿ ਭਾਈ ਪਤਾ ਕਰੀਏ ਇਹ ਪੜ੍ਹਾਈ ਇਸ ਕਿਥੋਂ ਪੜ੍ਹੀ ਹੈ, ਕਿਸ ਗੁਰੂ ਤੋਂ ਇਸ ਸਿੱਖਿਆ ਲਈ ਹੈ। ਸਿੱਖ ਦੀ ਜੀਵਨੀ 'ਚੋਂ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਪ੍ਰਗਟ ਹੋਵੇ ਅਤੇ ਗੁਰੂ ਦੀ ਵਡਿਆਈ ਉਜਾਗਰ ਕਰਨ ਲਈ ਸਾਨੂੰ ਸੰਤਾਂ ਦੇ ਡੇਰਿਆਂ, ਨਿਰੰਕਾਰੀਆਂ ਤੇ ਰਾਧਾਸੁਆਮੀਆਂ ਦੀ ਨਿੰਦਾ ਦਾ ਸਹਾਰਾ ਨਾ ਲੈਣਾ ਪਵੇ। ਸਾਡਾ ਜੀਵਨ ਇਸ ਗੱਲ ਦੀ ਸਭ ਤੋਂ ਵੱਡੀ ਗਵਾਹੀ ਹੋਵੇ ਕਿ ਭੇਖੀ ਸਿੱਖੀ, ਭਾਵੇਂ ਕਿਤਨੀ ਵੀ ਚਮਕਦਾਰ ਹੋਵੇ, ਨਹੀਂ ਚਲੇਗੀ। ਮੇਰੇ ਖਿਆਲ ਵਿੱਚ, ਜਦੋਂ ਤੀਕਰ ਸਿੱਖ ਆਪਾ ਚੀਨ ਕੇ, ਪ੍ਰਭੂ ਦੇ ਗੁਣ ਧਾਰ ਕੇ, ਪ੍ਰਭੂ ਨਾਲ ਇਕਮਿਕਤਾ ਨਹੀਂ ਕਰ ਲੈਂਦਾ, ਕੇਵਲ ਬਾਹਰਲੀ ਧਾਰਮਕਤਾ ਖੁਦ ਨੂੰ ਧੋਖਾ ਦੇਣਾ ਸਾਬਤ ਹੋਵੇਗੀ ਅਤੇ ਅਸੀਂ ਬਾਰ-ਬਾਰ ਪੰਜਾਂ ਚੋਰਾਂ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਸ਼ਿਕਾਰ ਹੁੰਦੇ ਰਹਾਂਗੇ। ਸਾਡੇ ਲਈ ਗੁਰੂ ਅਰਜਨ ਦੇਵ ਜੀ ਪ੍ਰਭੂ ਅਗੇ ਅਰਜੋਈ ਕਰਦੇ ਹਨ :

"ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰ"
(ਪੰਨਾ 205)

ਪਤਾ ਨਹੀਂ ਪਾਠਕਾਂ ਦੀ ਕੀ ਪ੍ਰਤੀਕ੍ਰਿਆ ਹੋਵੇਗੀ ਰਮੇਸ਼ ਸਿੰਘ ਦੇ ਲੇਖ ਪ੍ਰਤੀ, ਪਰ ਮੈਨੂੰ ਯਕੀਨ ਹੈ ਕਿ ਇਹ ਤਰੀਕਾ ਮਨ ਦੇ ਹਿਰਦੇ ਦੀ ਗੰਦਗੀ ਕੱਢ ਕੇ ਅੰਦਰ ਸਾਫ ਕਰਨ, ਤੇ ਮੈਂ ਜੋ ਸਾਡੀ ਸ਼ਰਧਾ ਭਾਵਨਾ ਨੂੰ ਮੈਲਾ ਕਰਦੀ ਹੈ - ਤੋਂ ਬਚਣ ਲਈ ਸਹਾਈ ਹੋਵੇਗਾ। ਇਸ ਗੰਦਗੀ ਨੂੰ ਹੂੰਝ ਕੇ ਬਾਹਰ ਕੱਢਣ ਦਾ ਸਭ ਤੋਂ ਪ੍ਰਭਾਵਕਾਰੀ ਇੱਕ ਤਰੀਕਾ, ਜੇ ਕੋਈ ਹੈ ਤਾਂ ਉਹ ਹੈ ਅੰਮ੍ਰਿਤ ਵੇਲੇ ਪ੍ਰਭੂ ਦੀ ਵਡਿਆਈ ਵਿਚਾਰਨੀ। ਮੈਨੂੰ ਯਕੀਨ ਹੈ ਕਿ ਅੰਮ੍ਰਿਤ ਵੇਲੇ ਵਡਿਆਈ ਵੀਚਾਰ ਰਾਹੀਂ, ਅੰਦਰ ਚੋਂਦਾ ਪ੍ਰਭੂ ਦਾ ਨਾਮ ਅੰਮ੍ਰਿਤ ਪੀਤਾ ਜਾ ਸਕਦਾ ਹੈ। ਜਿਨ੍ਹਾਂ ਸ਼ਬਦਾਂ ਦੀ ਮੈਂ ਚਰਚਾ ਕਰਨ ਲੱਗਾ ਹਾਂ, ਕਈ ਵਾਰ ਤੇ ਕਈ ਚਿਰ ਤੋਂ ਸੁਣੇ ਹੋਣ ਦੇ ਬਾਵਜੂਦ, ਅੰਮ੍ਰਿਤ ਵੇਲੇ ਵਡਿਆਈ ਵੀਚਾਰ ਕਰਦਿਆਂ ਹਰ ਵਾਰ ਨਵੀਂ ਰੌਸ਼ਨੀ ਦੇ ਜਾਂਦੇ ਹਨ ਗੁਰਬਾਣੀ ਦੇ ਅਨੁਭਵਾਂ ਰਾਹੀਂ। ਇਹ ਹੈ ਕਮਾਲ ਅੰਮ੍ਰਿਤ ਵੇਲੇ ਦਾ। ਅੱਜ ਅੰਮ੍ਰਿਤ ਵੇਲੇ ਹੇਠਲਾ ਸ਼ਬਦ ਆਇਆ ਤੇ ਤਾਕਤ ਦਿਖਾ ਗਿਆ ਸਾਰੇ ਦੁੱਖਾਂ-ਕੇਲਸ਼ਾਂ ਤੋਂ ਛੁਟਕਾਰਾ ਪਾ ਸਕਣ ਦੀ, ਜੋ ਵੀ ਇਸ ਤੇ ਅਮਲ ਕਰੇਗਾ ਉਸਦਾ ਜੀਵਨ ਕਲੇਸ਼-ਮੁਕਤ ਹੋ ਜਾਏਗਾ।

"ਅੰਮ੍ਰਿਤ ਬਚਨ ਸਾਧ ਕੀ ਬਾਣੀ" (ਪੰਨਾ 744) - ਦੇਖੋ ਗੁਰੂ ਸਾਹਿਬ ਕਿਤਨੇ ਕਮਾਲ ਦੀ ਗੱਲ ਦੱਸਦੇ ਹਨ, "ਜੋ ਵੀ ਪ੍ਰਭੂ ਦਾ ਨਾਮ ਜਪੇਗਾ ਉਸਦੀ ਗਤਿ ਹੋ ਜਾਵੇਗੀ ਕਿਉਂਕਿ ਹਰ ਵੇਲੇ ਉਸਦੀ ਰਸਨਾ ਤੇ ਪ੍ਰਭੂ ਦਾ ਨਾਮ ਹੋਵੇ, ਫਲਸਰੂਪ ਇੱਕ ਨਾਮ ਹਿਰਦੇ ਵਿੱਚ ਪ੍ਰਵੇਸ਼ ਕਰਨ ਨਾਲ (ਵਸਣ ਨਾਲ) ਉਸਦੀ ਜ਼ਿੰਦਗੀ ਦੇ ਸਾਰੇ ਕਲੇਸ਼ ਤੇ ਸਾੜਾ ਖਤਮ ਹੋ ਜਾਵੇਗਾ। ਗੁਰੂ ਦੀ ਚਰਣ ਧੂੜ ਮਸਤਕ ਤੇ ਲਗਣ ਤੇ ਪ੍ਰਭੂ ਦੀ ਸ਼ਰਣੀ ਪੈਣ ਨਾਲ ਮੇਰਾ ਉਧਾਰ ਹੋ ਗਿਆ।" ਸਾਨੂੰ ਆਪਣੇ ਅੰਦਰ ਖੋਜ ਕਰ ਕੇ ਦੇਖਣਾ ਚਾਹੀਦਾ ਹੈ ਕਿ, ਕਿ ਸਾਡੇ ਕਲੇਸ਼ ਖਤਮ ਹੋ ਗਏ ਹਨ? ਕੀ ਮੇਰੇ ਅੰਦਰ ਨਾਮ ਦਾ ਵਾਸਾ ਹੋਇਆ ਹੈ? ਕੀ ਮੈਂ ਆਪਣੇ ਆਪ ਨੂੰ ਮੁਕਤ ਮਹਿਸੂਸ ਕਰ ਰਿਹਾ ਹਾਂ? ਸਾਨੂੰ ਇਸ ਭੁਲੇਖੇ ਨਹੀਂ ਰਹਿਣਾ ਚਾਹੀਦਾ ਕਿ ਕੇਵਲ ਪੜ੍ਹਨ ਨਾਲ ਸਾਡੇ ਅੰਦਰ ਸ਼ਾਂਤੀ ਆ ਜਾਵੇਗੀ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪੜ੍ਹਨ ਨਾਲ ਦਿਮਾਗੀ ਗਿਆਨ ਮਿਲਦਾ ਹੈ, ਸਿਮਰਨ, ਕੀਰਤਨ ਕਰਦਿਆਂ ਲਗਦਾ ਹੈ ਕਿ ਹੁਣ ਅਸੀਂ ਧਾਰਮਕ ਹੋ ਗਏ ਹਾਂ, ਪਰ ਸ਼ਬਦ ਤੇ ਅਧਾਰਿਤ ਅਮਲੀ ਜੀਵਨ ਹੀ ਸਾਨੂੰ ਮੋਹ 'ਚੋਂ

★ Tapovan, Amravati - 444 602 (Maharashtra)

ਕੱਢ ਕੇ ਆਤਮ ਰੰਗ ਦੇ ਸਕਦਾ ਹੈ ਤੇ ਉਤਸ਼ਾਹ ਬਖਸ਼ਦਾ ਹੈ ਕਿ ਹੁਣ ਗੁਰ ਬਚਨਾਂ ਤੇ ਹੀ ਜਿੰਦਗੀ ਚਲੇ।

ਹਰਿਮੰਦਰ ਸਾਹਿਬ ਤੋਂ ਆਏ ਦੂਜੇ ਸ਼ਬਦ ਨੇ ਇਸਦਾ ਹੋਰ ਖੁਲਾਸਾ ਕੀਤਾ। ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਮੰਨਿਆ ਜਾਂਦਾ ਹੈ- ਇਸ ਸ਼ਬਦ "ਹਉ ਤਿਸੁ ਘੋਲਿ ਘੁਮਾਇਆ..." (ਵਾਰ 12, ਪਉੜੀ 4) ਰਾਹੀਂ ਆਖਦੇ ਹਨ, "ਮੈਂ ਉਸ ਗੁਰਸਿੱਖ ਤੋਂ ਸਦਕੇ ਜਾਂਦਾ ਹਾਂ-

-ਜਿਸਨੇ ਗੁਰਮਤਿ ਤੇ ਜਿੰਦਗੀ ਢਾਲ ਕੇ ਨਿਮਰਤਾ ਅਪਣਾ ਲਈ ਹੈ।

-ਜੋ (ਆਪਣੀ ਪਤਨੀ ਤੋਂ ਇਲਾਵਾ) ਪਰਾਈ ਇਸਤ੍ਰੀ ਵਲ ਭੈੜੇ ਇਰਾਦੇ ਨਾਲ ਨਹੀਂ ਜਾਂਦਾ।

-ਜੋ ਪਰਾਏ ਮਾਨ-ਧਨ ਨੂੰ ਹੜੱਪ ਕਰਨ ਦੀ ਇੱਛਾ ਨਹੀਂ ਰੱਖਦਾ।

-ਜੋ ਕਿਸੇ ਦੀ ਨਿੰਦਾ ਵਿੱਚ ਨਹੀਂ ਪੈਂਦਾ।

-ਜੋ ਖਾਣ ਤੇ ਸੌਣ ਦਾ ਲਾਲਚੀ ਨਹੀਂ, ਥੋੜਾ ਹੀ ਖਾਂਦਾ ਤੇ ਥੋੜਾ ਹੀ ਸੌਂਦਾ (ਲੋੜ ਅਨੁਸਾਰ) ਹੈ।

-ਜੋ ਗੁਰੂ ਦੇ ਉਪਦੇਸ਼ਾਂ ਦੀ ਕਮਾਈ ਕਰਦਾ ਹੈ।

ਐਸਾ ਗੁਰਮੁਖ ਹੀ ਸਹਿਜ ਦੀ ਜਿੰਦਗੀ ਦਾ ਹਕਦਾਰ ਹੈ।"

ਵੇਖੋ, ਇਸ ਸ਼ਬਦ ਵਿੱਚ ਨਾਂ 'ਨਾਮ' ਯਾ 'ਗੁਰਬਾਣੀ' ਦਾ ਜ਼ਿਕਰ ਹੈ, ਕਾਰਣ ਸਪਸ਼ਟ ਹੈ ਕਿ ਨਾਮ ਨੇ ਇਹ ਗੁਣ ਪਰਗਟ ਕਰਨੇ ਹੀ ਕਰਨੇ ਹਨ, ਐਸਾ ਗੁਰਮੁਖ ਹੀ ਆਤਮਰੰਗ ਵਿੱਚ ਜੀ ਸਕਦਾ ਹੈ, ਗੁਰਬਾਣੀ ਦਾ ਇਹ ਸਭ ਤੋਂ ਚੰਗਾ ਖੁਲਾਸਾ ਹੈ। ਸਾਰੇ ਗੁਰੂ ਸਾਹਿਬਾਨ ਨੇ ਉਹੀ ਕਿਹਾ ਜੋ ਉਨ੍ਹਾਂ ਆਪ ਕੀਤਾ ਸੀ ਯਾ ਕਰ ਸਕਦੇ ਸਨ ਤੇ ਉਨ੍ਹਾਂ ਜੋ ਕਿਹਾ ਉਹ ਕਰ ਕੇ ਦਿਖਾਇਆ, ਇਸੇ ਲਈ ਖਾਲਸਾ ਸਿਧਾਂਤ ਵਿੱਚ ਸੰਤ-ਸਿਪਾਹੀ ਦੀ ਤਸਵੀਰ ਸਪਸ਼ਟ ਹੈ।

ਵਡਿਆਈ ਵਿਚਾਰਦਿਆਂ ਗੁਰੂ ਰਾਮਦਾਸ ਜੀ ਦੀ ਗੱਲ, "ਜਿਨਾ ਅੰਦਰਿ ਨਾਮੁ ਨਿਧਾਨੁ ਹੈ, ਗੁਰਬਾਣੀ ਵੀਚਾਰ" (ਪੰਨਾ 1422) ਤੇ ਯਕੀਨ ਬਣਦਾ ਹੈ ਕਿ ਨਾਮ ਅਸਲੀ ਧਨ ਹੈ ਜੋ ਸਾਡੇ ਜੀਵਨ ਤੇ ਅਧਿਆਤਮਕ ਵਰਤਣ ਨੂੰ ਸੇਧ ਦੇ ਸਕਦਾ ਹੈ ਅਤੇ ਪ੍ਰਭੂ ਪਿਆਰ ਦੇ ਪਾਤਰ ਬਣਾਂਦਾ ਹੈ। ਗੁਰੂ ਸਾਹਿਬ ਆਖਦੇ ਹਨ ਜਿਨ੍ਹਾਂ ਨੇ ਗੁਰਬਾਣੀ ਦੀ ਵੀਚਾਰ ਕਰ-ਕਰ ਕੇ ਆਪਣੇ ਅੰਦਰ ਨਾਮ ਦੇ ਖਜਾਨੇ ਜਮ੍ਹਾਂ ਕਰ ਲਏ ਹਨ ਉਨ੍ਹਾਂ ਦੇ ਮੁੱਖ ਪ੍ਰਭੂ ਦਰਬਾਰ ਵਿੱਚ ਉਜਲੇ ਰਹਿਣਗੇ। ਬਹਿੰਦਿਆਂ-ਉਠਦਿਆਂ ਉਹ ਕਦੇ ਵੀ ਪ੍ਰਭੂ ਦਾ ਨਾਮ (ਉਸਦੀ ਕਿਰਪਾ ਸਦਕਾ) ਨਹੀਂ ਵਿਸਾਰਦੇ। ਗੁਰੂ ਨਾਨਕ ਦੇਵ ਜੀ ਆਖਦੇ ਹਨ: ਜੋ ਗੁਰੂ ਤੋਂ ਪ੍ਰਾਪਤ ਸੇਧ (ਗੁਰਮਤਿ) ਰਾਹੀਂ ਪ੍ਰਭੂ ਨੂੰ ਮਿਲਦੇ ਹਨ ਉਹ ਕਦੇ ਨਹੀਂ ਵਿਛੜਦੇ ਤੇ ਉਨ੍ਹਾਂ ਦਾ ਮੇਲ ਹੋਇਆ ਹੁੰਦਾ ਹੈ ਪ੍ਰਭੂ ਨਾਲ।"

ਆਉ, ਪ੍ਰਭੂ ਚਰਣਾਂ ਤੇ ਢਹਿ ਕੇ ਇਸ ਸ਼ਬਦ ਦਾ ਸਾਰ ਹਿਰਦੇ ਵਿੱਚ ਵਸਾਣ ਦੀ ਕੋਸ਼ਿਸ਼ ਕਰੀਏ। ਮੇਰੀ ਜਾਚੇ ਇਹ ਸ਼ਬਦ ਸਿੱਖ ਨੂੰ ਦੁਨੀਆਂ ਤੇ ਸਵਰਗ ਦੁਹਾਂ ਦੀ ਬਾਦਸ਼ਾਹੀ ਬਖਸ਼ਦਾ ਹੈ ਜੇ ਉਹ ਅਮਲ ਵਿੱਚ ਗੁਰੂ ਹੁਕਮ ਤੇ ਚਲਦਾ ਹੋਵੇ। ਪਰ ਜੇ ਸਿਮਰਨ, ਸ਼ਬਦ ਪੜ੍ਹਨ, ਕੀਰਤਨ ਕਰਨ ਦਾ routine ਹੀ ਹੋਵੇ -ਪਿਆਰ ਤੇ ਭਾਵਨਾ ਬਗੈਰ ਤਾਂ ਉਹ ਖਾਲੀ ਰਹਿ ਜਾਵੇਗਾ (ਖਜ਼ਾਨਾ ਨਹੀਂ ਪਾ ਸਕੇਗਾ) ਭਾਵੇਂ ਭੁਲੇਖੇ ਵਿੱਚ ਹੋਵੇ ਕਿ ਮੈਂ ਆਤਮ ਰੰਗ ਮਾਣ ਰਿਹਾ ਹਾਂ।

ਵੇਖੋ, ਭਗਤ ਰਵਿਦਾਸ ਜੀ ਕਿਵੇਂ ਇੱਕ ਪਲ ਦਰਸ਼ਨ ਲਈ ਚੀਕਾਂ ਮਾਰਦੇ ਹਨ ਕਿਉਂਕਿ ਸਮਝਦੇ ਹਨ ਕਿ ਮੈਂ ਮਾਇਆ ਵਿੱਚ ਫਸਿਆ ਹੋਇਆ ਅਧਿਆਤਮਕਤਾ ਤੋਂ ਦੂਰ ਹਾਂ, ਤੇ ਲਿਲਕਾਂ ਲੈਂਦੇ ਹਨ-

"ਪ੍ਰਭੂ ਜਿਵੇਂ ਖੂਹ ਅੰਦਰ ਰਹਿਣ ਵਾਲਾ ਡੱਡੂ, ਬਾਹਰਲੀ ਦੁਨੀਆਂ ਤੋਂ ਅਨਜਾਣ, ਸੋਚਦਾ ਹੈ ਕਿ ਬਸ ਇਹੀ ਦੁਨੀਆਂ ਹੈ, ਮੇਰਾ ਮਨ ਵੀ ਵਿਸ਼ਯ-ਵਕਾਰਾਂ ਵਿੱਚ ਲਿਪਤ ਹੋਣ ਕਾਰਣ ਮੈਨੂੰ ਮਾਇਆ ਦੇ ਇਲਾਵਾ ਕੁਝ ਨਹੀਂ ਪਤਾ। ਆਪ ਦੀ ਵਡਿਆਈ -ਬਿਅੰਤ ਹੈ, ਅਪਾਰ ਹੈ, ਕੋਈ ਨਹੀਂ ਪਾ ਸਕਦਾ... ਤੋਂ ਜਾਣੂ ਨਹੀਂ ਮੈਂ। ਹੇ ਸਾਰੀ ਸ੍ਰਿਸ਼ਟੀ ਦੇ ਮਾਲਕ! ਮੇਰੇ ਤੇ ਕਿਰਪਾ ਕਰੋ, ਮੈਨੂੰ ਇਕ ਛਿਨ ਲਈ ਹੀ ਸਹੀ, ਆਪਣੇ ਦਰਸ਼ਨ ਬਖਸ਼ੋ, ਮੇਰੀ ਮਤਿ ਮਾਇਆ ਨਾਲ ਮੈਲੀ ਹੋ ਚੁੱਕੀ ਹੈ, ਸੁਮਤਿ ਪ੍ਰਦਾਨ ਕਰੋ ਤਾਂ ਜੋ ਮੇਰਾ ਮਾਇਆ ਦਾ ਭ੍ਰਮ ਟੁੱਟ ਜਾਏ ਅਤੇ ਮੈਂ ਆਪਦੀ ਹਜ਼ੂਰੀ ਮਾਣ ਸਕਾਂ। ਪ੍ਰਭੂ, ਵੱਡੇ-ਵੱਡੇ ਯੋਗੀ ਵੀ ਆਪ ਦੇ ਗੁਣਾਂ ਦਾ ਬਖਾਨ ਨਹੀਂ ਕਰ ਸਕੇ, ਸੁ ਮੇਰੀ ਛੋਟੀ ਜਾਤ ਵਾਲੇ ਦੀ ਕੀ ਵੁਕਤ ਹੈ ਕਿ ਆਪਦੀ ਗੱਲ ਕਰ ਸਕਾਂ। ਪਰ ਮੈਂ ਕਰਾਂ ਵੀ ਕੀ, ਆਪ ਨਾਲ ਪਿਆਰ ਪੈ ਗਿਆ ਹੈ, ਇਸ ਪ੍ਰੇਮਾਭਗਤੀ ਵਿੱਚ ਮਜਬੂਰ ਹੋ ਕੇ (ਆਪਣੇ ਛੋਟੇਪਨ ਦਾ ਅਹਿਸਾਸ ਹੁੰਦਿਆ ਵੀ) ਆਪ ਦੀਆਂ ਗੱਲਾਂ ਕਰ ਰਿਹਾ ਹਾਂ, ਆਪ ਅੱਗੇ ਬੇਨਤੀ ਕਰਨ ਦੀ ਜੁੱਰਤ ਕੀਤੀ ਹੈ।"

ਫਿਰ ਜਦੋਂ "ਸਤਿਗੁਰ ਸੰਗਿ ਨਹੀਂ ਮਨੁ ਡੋਲੇ" (ਪੰਨਾ 183) ਦੀਆਂ ਗੂੰਜਾਂ ਪਈਆਂ ਮੇਰੇ ਕਮਰੇ ਵਿੱਚ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਦਰਬਾਰ ਹੈ, ਮੈਂ ਉਨ੍ਹਾਂ ਦਾ ਗੁਲਾਮ ਸ਼ਰਧਾ ਵਿੱਚ ਉਨ੍ਹਾਂ ਦੇ ਚਰਣਾ 'ਚ ਬੈਠਾ ਇਸ ਸਪਸ਼ਟ ਸੋਝੀ ਨਾਲ ਭਰ ਗਿਆ ਕਿ ਜੋ ਸਿੱਖ ਗੁਰਬਾਣੀ ਸੁਣਦਾ-ਗਾਂਦਾ ਹੈ, ਸਿਮਰਨ ਵਿੱਚ ਜੀਂਦਾ ਹੈ ਉਸ ਅੰਦਰ ਸਦੀਵੀ ਸਿਦਕ ਅਤੇ ਪ੍ਰਭੂ ਔਰ ਉਸਦੀ ਬਾਣੀ ਨਾਲ ਅਟੁੱਟ ਪਿਆਰ ਹੋਣਾ ਲਾਜ਼ਮੀ ਹੈ। ਇਸ ਸ਼ਬਦ ਅੰਦਰ ਸਤਿਗੁਰਾਂ ਦੀ ਸੰਗਤ ਕਰਕੇ ਜੋ ਗੁਣ ਉਪਜਦੇ ਹਨ ਉਨ੍ਹਾਂ ਦਾ ਵੇਰਵਾ ਹੈ:

- ਗੁਰੂ ਦਰਸ਼ਨਾਂ ਸਦਕਾ ਅੰਦਰ ਦੀ ਅੱਗ ਬੁਝ ਜਾਂਦੀ ਹੈ ਤੇ ਹਉਮੈ ਦਾ ਨਾਸ਼ ਹੁੰਦਾ ਹੈ।

-ਦੁੱਖਾਂ ਅੰਦਰ ਵੀ ਸਿਦਕ ਕਾਇਮ ਰਹਿੰਦਾ ਹੈ ਗੁਰੂ ਦੀ ਸੰਗਤ ਵਿੱਚ।

-ਗੁਰਬਾਣੀ ਦੇ ਗੀਤ ਗਾਣ ਦਾ ਸ਼ੌਕ ਜਾਗਦਾ ਹੈ।

-ਸੱਚ ਨਾਲ ਰਹਿਣ ਕਰਕੇ ਸਾਰਾ ਜੱਗ ਸੱਚਾ ਜਾਪਦਾ ਹੈ।

-ਗੁਰੂ ਰਾਹੀਂ ਪ੍ਰਭੂ ਨਾਲ ਮਿਲਾਪ ਹੁੰਦਾ ਹੈ।

-ਗੁਰੂ ਦੀ ਸੰਗਤ ਚੋਂ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ, ਸੁ ਕੀਰਤਨ, ਸਿਮਰਨ, ਦੁੱਖਾਂ-ਕਲੇਸ਼ਾਂ ਤੋਂ ਛੁਟਕਾਰਾ, ਮਾਇਆ ਦੇ ਬੰਧਨਾਂ ਤੋਂ ਮੁਕਤੀ, ਭਉ-ਭਰਮ ਦਾ ਨਾਸ਼ ਇਹ ਸਭ ਸੁਭਾਵਿਕ ਆ ਜਾਂਦੇ ਹਨ।

-ਗੁਰੂ ਦੀ ਚਰਣ ਧੂੜ ਦਾ ਇਸ਼ਨਾਨ ਧਰਮੀ ਜੀਵਨ ਹੈ।

-ਪ੍ਰਭੂ ਦੀ ਹਜ਼ੂਰੀ ਵਿੱਚ ਰਹਿਣ ਨਾਲ ਸਤਿਸੰਗ ਪ੍ਰਾਪਤ ਹੁੰਦਾ ਹੈ।

-ਮੈਂ ਗੁਣਹੀਨ ਹਾਂ, ਪ੍ਰਭੂ ਨੇ ਰਹਿਮਤ ਕੀਤੀ, ਸਤਿਸੰਗ ਬਖਸ਼ ਕੇ ਨਾਮ ਜਪਾਇਆ।

ਮੈਂ ਵਡਿਆਈ ਵੀਚਾਰ ਰਾਹੀਂ ਆਤਮ ਰੰਗ ਵਿੱਚ ਰਹਿਣਾ ਚਾਹੁੰਦਾ ਹਾਂ।


**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002



BHAGWATI
EXCLUSIVE FABRICS

**BHAGWATI TEXTILES**
Wholesale Cloth Merchants

★ FANCY DRESS MATERIAL
★ DUPATTAS

Shop No. 52, Sector: 20-D, Chandigarh - 160 020
Tel.: (Shop) 703607, (Resi) 708233, 566209, 565122



GMT

With compliments from
RAVIJEET SINGH
Mg. Partner

**G.M.T. SALES CORPN.**
Authorised Distributors

OFFICE: 123, INDL. AREA, PHASE II, CHANDIGARH - 160 002
PHONE: 0172 - 653513 FAX: 674494 RES: 662348, 264050

# ਇਨਸਾਨ ਦਾ ਰੱਬ ਨਾਲ ਸੰਬੰਧ

**ਪ੍ਰੋ. ਜਗਜੀਤ ਸਿੰਘ ਜਾਬੇਵਾਲ ★**

ਪ੍ਰਾਚੀਨ ਕਾਲ ਵਿੱਚ ਜਦੋਂ ਇਨਸਾਨ ਦਾ ਗਿਆਨ ਸੀਮਤ ਸੀ ਤਾਂ ਉਹ ਪ੍ਰਕਿਰਤੀ ਦੀ ਵਿਸ਼ਾਲਤਾ ਤੇ ਡਰਾਉਣੀਆਂ ਘਟਨਾਵਾਂ ਤੋਂ ਡਰ ਕੇ ਕਿਸੇ ਸਹਾਇਕ ਸ਼ਕਤੀ ਦੀ ਭਾਲ ਵਿੱਚ ਲੱਗ ਗਿਆ। ਅਸਲ ਵਿੱਚ ਡਰ ਹੀ ਪਰਮ ਸੱਤਾ ਦੀ ਭਾਲ ਦਾ ਕੇਂਦਰ ਬਿੰਦੂ ਰਿਹਾ ਹੈ, ਮਨੁੱਖ ਹੀ ਨਹੀਂ ਬਲਕਿ ਹਰ ਜੀਵ ਦਾ ਪ੍ਰਮੁੱਖ ਨਿਸ਼ਾਨਾ ਦੁੱਖਾਂ ਤੋਂ ਬਚਣਾ ਤੇ ਸੁੱਖਾਂ ਦੀ ਪ੍ਰਾਪਤੀ ਰਿਹਾ ਹੈ। ਜੀਵ ਨੂੰ ਮਿਲੇ ਸਾਧਨ ਤੇ ਹਾਲਾਤ ਦੋਵੇ ਸੁੱਖਾਂ ਤੇ ਦੁੱਖਾਂ ਦੇ ਕਾਰਣ ਹੋ ਸਕਦੇ ਹਨ। ਇਸੇ ਲਈ ਭਰੋਸੇ ਯੋਗ ਸੁੱਖ ਪ੍ਰਾਪਤੀ ਲਈ ਮਨੁੱਖ ਆਦਿ ਤੋਂ ਹੀ ਕਿਸੇ ਸਦੀਵੀ ਤੇ ਸਰਵਕਾਲੀ ਸ਼ਕਤੀ ਦੀ ਖੋਜ ਵਿੱਚ ਵਿਚਰਦਾ ਰਿਹਾ ਹੈ। ਮਨੁੱਖ ਉਸ ਪਰਮ ਸੱਤਾ ਦੀ ਹੋਂਦ ਨੂੰ ਮਹਿਸੂਸ ਤਾਂ ਸਮੇਂ ਦੇ ਨਾਲ ਕਰਨ ਲਗ ਪਿਆ ਪਰ ਉਸ ਸ਼ਕਤੀ ਦੀ ਰੂਪ ਰੇਖਾ ਤੋਂ ਹਾਲੀ ਵਾਕਫ ਨਹੀਂ ਸੀ ਹੋਇਆ। ਮਨੁੱਖ ਨੇ ਸਦੀਆਂ ਹੀ ਇਸ ਅੰਧ-ਘੋਰ ਵਿੱਚ ਬਿਤਾ ਦਿੱਤੀਆਂ ਰੱਬ ਆਪਣੀਆਂ ਹੀ ਪੈਦਾ ਕੀਤੀਆਂ ਸ਼ਕਤੀਆਂ ਦੀ ਇਨਸਾਨ ਵੱਲੋਂ ਹੁੰਦੀ ਉਪਾਸ਼ਨਾ ਨੂੰ ਪਤਾ ਨਹੀਂ ਆਕਾਸ਼ ਦੀ ਕਿਹੜੀ ਨੁੱਕਰ ਵਿੱਚ ਬੈਠਾ ਵੇਖਦਾ ਰਿਹਾ। ਫਿਰ ਇਨਸਾਨੀ ਵਿਕਾਸ ਦਾ ਦੌਰ ਆਇਆ ਆਰਥਿਕ ਵਿਕਾਸ ਨੇ ਸਮਾਜਿਕ ਮਨੋਵਿਗਿਆਨਿਕ ਵਿਕਾਸ ਦੀ ਫਿਜ਼ਾ ਤਿਆਰ ਕੀਤੀ। ਪ੍ਰਕਿਰਤੀ ਦੀਆਂ ਸ਼ਕਤੀਆਂ ਨੂੰ ਮਨੁੱਖ ਨੇ ਆਪਣੇ ਅਧੀਨ ਕਰਕੇ ਨਵੇਂ ਸੁੱਖ ਸਾਧਨ ਪੈਦਾ ਕੀਤੇ। ਰੱਬ ਵੱਲੋਂ ਭੇਜੇ ਪੈਗੰਬਰਾਂ ਨੇ ਰੱਬ ਨੂੰ ਪਾਲਣਹਾਰ, ਕਿਰਪਾਲੂ ਤੇ ਦਿਆਵਾਨ ਦੱਸਿਆ। ਮਨੁੱਖ ਨੇ ਰੱਬ ਤੋਂ ਭੈਭੀਤ ਹੋਣ ਦੀ ਬਜਾਏ ਆਪਣਾ ਮਿੱਤਰ ਹਮਦਰਦ ਤੇ ਮਹਿਬੂਬ ਮਹਿਸੂਸ ਕੀਤਾ। ਧਰਮ ਦੋ ਪ੍ਰਕਾਰ ਦੇ ਹੁੰਦੇ ਹਨ, ਪਹਿਲੇ ਉਹ ਧਰਮ ਹਨ, ਜਿਹੜੇ ਪ੍ਰਤੱਖ ਨੂੰ ਹੀ ਸਭ ਕੁਝ ਮੰਨਦੇ ਹਨ ਤੇ ਇਸ ਤੋਂ ਵੱਖਰੀ ਕਿਤੇ ਪਰਾ ਸ਼ਕਤੀ ਦੀ ਦੇਣ ਮੰਨਦੇ ਹਨ। ਪਹਿਲੀ ਕਿਸਮ ਦੇ ਧਰਮ ਨਾਸਤਕ ਧਰਮ ਅਖਵਾਉਂਦੇ ਹਨ ਤੇ ਦੂਜੀ ਕਿਸਮ ਦੇ ਧਰਮਾਂ ਨੂੰ ਆਸਤਿਕ ਆਖਿਆ ਜਾਂਦਾ ਹੈ। ਹਿੰਦੁਸਤਾਨੀ ਧਰਮਾਂ ਵਿੱਚ ਬੁੱਧ ਤੇ ਜੈਨ ਧਰਮ ਪਹਿਲੀ ਸ਼੍ਰੇਣੀ ਵਿੱਚ ਤੇ ਸਿੱਖ ਧਰਮ ਦੂਜੀ ਸ਼੍ਰੇਣੀ ਵਿੱਚ ਆਉਂਦਾ ਹੈ। ਹਰ ਧਰਮ ਵਿੱਚ ਰੱਬ ਲਈ ਇੱਕ ਵਿਸ਼ੇਸ਼ ਨਾਂ ਵਰਤਿਆ ਗਿਆ ਹੈ। ਜਿਵੇਂ ਜ਼ੋਰੈਸਟਰੀ ਧਰਮ (ਪਾਰਸੀ ਧਰਮ) ਵਿੱਚ ਅਹੁਰਾਮਜ਼ਦਾ ਇਸਾਈ ਧਰਮ ਵਿੱਚ ਗੌਡ। ਇਸਲਾਮ ਵਿੱਚ ਅੱਲ੍ਹਾ ਤੇ ਸਿੱਖ ਧਰਮ ਵਿੱਚ ਵਾਹਿਗੁਰੂ। ਇਹ ਸਾਰੇ ਵਿਸ਼ੇਸ਼ ਨਾਂ ਰੱਬ ਦੀਆਂ ਸਿਫਤਾਂ ਤੇ ਵਡਿਆਈਆਂ ਦੇ ਖਾਲਕ ਹਨ ਜੋ ਉਸਦੀ ਜਾਤ ਨਾਲ ਸੰਬੰਧਿਤ ਹਨ। ਜਦ-ਭੀ ਅਸੀਂ ਰੱਬ ਲਈ ਨੀਯਤ ਕੀਤੇ ਪਰਵਾਨਿਤ ਸ਼ਬਦ ਬੋਲਦੇ ਹਾਂ ਸਾਡੇ ਦਿਮਾਗ ਵਿੱਚ ਇੱਕ ਐਸੀ ਪਰਾਸ਼ਕਤੀ ਦਾ ਖਿਆਲ ਪੈਦਾ ਹੁੰਦਾ ਹੈ ਜੋ ਉਤੱਮਤਾ ਤੇ ਅਨੂਪਤਾ ਦੇ ਸਾਰੇ ਗੁਣਾਂ ਨਾਲ ਸੰਪੰਨ ਹੈ ਜੋ ਉਸ ਸਬੰਧੀ ਦੱਸੇ ਗਏ ਹਨ। ਜਿਵੇਂ ਉਸ ਦੀ ਸਿਰਜਣਹਾਰ ਸੱਤਾ ਨੇ ਸਾਰੀ ਕਾਇਨਾਤ ਨੂੰ ਪੈਦਾ ਕੀਤਾ ਹੈ, ਉਸੇ ਤਰ੍ਹਾਂ ਉਸਦੀ ਪਾਲਣਹਾਰ ਸੱਤਾ ਹਰ ਜੀਵ ਦੀ ਨਾ ਕੇਵਲ ਪਰਵਰਿਸ਼ੀ ਹੀ ਕਰ ਰਹੀ ਹੈ। ਬਲਕਿ ਉਸ ਦੇ ਵਿਕਾਸ ਲਈ ਹਰ ਲੋੜੀਂਦੀ ਵਸਤੂ ਭੀ ਦੇ ਰਹੀ ਹੈ ਤਾਂਕਿ ਹਰ ਜੀਵ ਨਾ ਕੇਵਲ ਹੋਂਦ ਕਾਇਮ ਰੱਖ ਸਕੇ ਬਲਕਿ ਆਪਣੇ ਵਿਕਾਸ ਲਈ ਹਰ ਸਾਧਨ ਭੀ ਪੈਦਾ ਕਰ ਸਕੇ। ਬਾਰਸ਼, ਧਰਤੀ, ਸੂਰਜ ਤੇ ਗਰਮੀ ਦਾ ਐਸਾ ਤਾਲ ਮੇਲ ਪੈਦਾ ਕੀਤਾ, ਤਾਂ ਕਿ ਬਨਸਪਤੀ ਦੀ ਪਰਫੁਲਤਾ ਮਾਨਵੀ ਵਿਸ਼ਵਾਸ਼ ਦ੍ਰਿੜ ਹੋਇਆ ਹੈ। ਜਿਸ ਸੱਤਾ ਦੇ ਕਿਰਪਾਲਤਾ ਦਾ ਅਨੁੱਭਵ ਹਰ ਘੜੀ ਹਰ ਪਲ ਹੋ ਰਿਹਾ ਹੈ, ਉਸ ਤੋਂ ਛੁੱਟ ਕੌਣ ਹੈ ਜਿਸ ਅੱਗੇ ਮਾਨਵ ਜ਼ਾਤ ਸਿਰ ਝੁਕਾਏ? ਦੁੱਖ, ਦਰਦ ਨਿਤਾਣਤ ਵਿੱਚ ਕਿਸੇ ਮਖਲੂਕ ਦੀ ਪੂਜਾ ਨਹੀਂ ਬਣਦੀ ਕਿਉਂਕਿ ਦੁੱਖ ਹਰਤਾ ਤੇ ਸੁੱਖ ਦਾਤਾ ਕੇਵਲ ਰੱਬ ਹੈ। ਇਸ ਤੋਂ ਇਲਾਵਾ ਜੇ ਕੋਈ ਹੈ ਭੀ ਤਾਂ ਉਹ ਆਪ ਹੀ ਰੱਬ ਦੀਆਂ ਨਿਹਮਤਾਂ ਦਾ ਮੁਹਤਾਜ ਹੈ। ਕੇਵਲ ਮਨੁੱਖ ਨਹੀਂ ਬਲਕਿ ਹਰ ਜੀਵ ਦੀ ਹੋਂਦ ਪਰਕਿਰਤੀ ਤੋਂ ਵੱਖਰੀ ਨਹੀਂ ਬਲਕਿ ਉਸਦਾ ਇੱਕ ਅੰਗ ਹੈ। ਰੱਬ ਦਾ ਆਪਣੇ ਪੈਦਾ ਕੀਤੇ ਜੀਵਾਂ ਦਾ ਸੰਬੰਧ ਪ੍ਰੇਮ ਦਾ ਸੰਬੰਧ ਹੈ। ਇਸੇ ਲਈ ਤਾਂ ਦਰਵੇਸ਼ ਉਸ ਨੂੰ ਮਹਿਬੂਬ ਦਾ ਦਰਜਾ ਦੇਂਦੇ ਹਨ। ਮਨੁੱਖ ਜਿਸ ਪ੍ਰਕਾਰ ਦੇ ਇਸ਼ਟ ਦੀ ਸਾਧਨਾ ਕਰੇਗਾ, ਸਾਧਕ ਵਿੱਚ ਉਸ ਦੇ ਇਸ਼ਟ ਵਰਗੇ ਗੁਣ ਪੈਦਾ ਹੋਣਗੇ।

ਸਾਰੀ ਕਾਇਨਾਤ ਵਿੱਚ ਮਨੁੱਖ ਦੀ ਹਸਤੀ ਵਿਸ਼ੇਸ਼ ਤੇ ਵਿਲੱਖਣ ਹੈ। ਮਨੁੱਖ ਨੇ ਭੀ ਆਪਣੇ ਮੂਲ ਨੂੰ ਪਹਿਚਾਣ ਲਿਆ। ਮਾਨਵ ਦੀ ਸੰਪੂਰਨਤਾ ਇਸੇ ਵਿੱਚ

★ 31/24 ਰਾਜਿੰਦਰ ਨਗਰ, ਨਵੀਂ ਦਿੱਲੀ-60

ਹੈ ਕਿ ਉਹ ਇਲਾਹੀ ਸਿਫਤਾਂ ਦਾ ਧਾਰਨੀ ਬਣੇ ਤਾਂਕਿ ਮਾਨਵ ਕਿਰਪਾਲਤਾ ਤੇ ਉਦਾਰਤਾ ਦੀ ਪ੍ਰਗਟਾਉ ਮਾਧਿਅਮ ਬਣ ਸਕੇ। ਉਸ ਦੇ ਆਚਰਣ ਵਿੱਚ ਈਸ਼ਵਰੀ ਗੁਣ ਹੋਣ। ਰੱਬੀ ਗੁਣ ਕੇਵਲ ਗਾਇਣ ਕਰਨ ਨਾਲ ਪਾਠ ਪੂਜਾ ਦਾ ਨੀਯਮ ਤਾਂ ਪੂਰਾ ਹੋ ਸਕਦਾ ਪਰ ਰੱਬੀ ਸਿਫਤਾਂ ਵਾਲਾ ਸੁਭਾਅ ਨਹੀਂ ਬਣ ਸਕਦਾ। ਸੁਭਾਉ ਵਿੱਚ ਜਗ੍ਹਾ ਦੇਣ ਲਈ ਲਗਾਤਾਰ ਅਭਿਆਸ ਦੀ ਲੋੜ ਹੁੰਦੀ ਹੈ। ਕਿਤਾਬਾਂ ਨੂੰ ਧੂਪ-ਬੱਤੀ ਕਰਨ ਨਾਲ ਇਮਤਿਹਾਨ ਪਾਸ ਨਹੀਂ ਕੀਤਾ ਜਾ ਸਕਦਾ। ਜੇ ਸ਼ੁਭ ਕਰਮ ਕਰਨੇ ਸੁਭਾਉ ਦਾ ਹਿੱਸਾ ਨਹੀਂ ਬਣ ਸਕੇ ਤਾਂ ਸਮਝ ਲਵੋ ਕਿ ਸਾਧਨਾ ਵਿਖਾਵਾ ਹੈ ਜਾਂ ਅਸਫਲ ਕੋਸ਼ਿਸ਼। ਜਦੋਂ ਇਨਸਾਨੀ ਸੂਝ ਸ਼ਕਤੀ ਬਹੁਤ ਵਿਕਸਿਤ ਨਹੀਂ ਸੀ ਹੋਈ ਤਾਂ ਉਸ ਵੇਲੇ ਧਰਮ ਦੇ ਸਿਧਾਤਾਂ ਨੂੰ ਪ੍ਰਚਾਰਨ ਲਈ ਉਸ ਵੇਲੇ ਦੀਆਂ ਪ੍ਰਚੱਲਤ ਧਾਰਨਾਵਾਂ ਦੀ ਮੱਦਦ ਲੈਣਾ ਤਾਂ ਸ਼ਾਇਦ ਜਾਇਜ ਜਾਂ ਲਾਭਕਾਰੀ ਸੀ, ਪਰ ਅੱਜ ਜਦ ਇਨਸਾਨ ਦਾ ਚਿੰਤਨ ਉਚਾਈ ਦਾ ਸਿਖਰ ਛੋਹ ਰਿਹਾ ਹੈ ਧਰਮ ਪ੍ਰਚਾਰ ਵਿੱਚ ਘਿਸੀਆਂ ਪਿਟੀਆਂ ਮਿਸਾਲਾਂ ਦੇ ਕੇ ਧਰਮ ਦੇ ਸਿਧਾਤਾਂ ਨੂੰ ਪ੍ਰਚਾਰਿਆਂ ਨਹੀਂ ਜਾ ਸਕਦਾ ਰੱਬੀ ਫਜ਼ਲ ਨਾਲ ਵਰੋਸਾਏ ਗਏ ਵਿਅਕਤੀਆਂ ਦੇ ਚੁਣੇ ਰਾਹ ਹੀ ਸੱਚੇ ਮਾਰਗ ਹਨ ਤੇ ਇਨ੍ਹਾਂ ਤੇ ਹੀ ਚਲਣਾ ਬਣਦਾ ਹੈ। ਨਹੀਂ ਤਾਂ ਜਨ ਸਮੂਹ ਦੀ ਇਸ ਮਜਬੂਰੀ ਦਾ ਲਾਭ ਉਠਾ ਕੇ ਆਦਿ ਤੋਂ ਗਰੀਬ ਜਨਤਾ ਨੂੰ ਪੁਜਾਰੀ ਲੁੱਟਦਾ ਆਇਆ ਹੈ ਤੇ ਅੱਗੇ ਭੀ ਲੁੱਟਦਾ ਰਹੇਗਾ। ਵਿਸ਼ਵਾਸ਼ ਤੇ ਵਿਵਹਾਰ ਪੱਖੋਂ, ਅੱਜ ਐਸੇ ਧਰਮ ਦੀ ਲੋੜ ਹੈ ਜੋ ਮਾਨਵ ਜਾਤੀ ਲਈ ਸਮਾਨਤਾ ਅਤੇ ਕੁਦਰਤੀ ਭਾਵ ਪੈਦਾ ਕਰ ਸਕੇ। ਜੋ ਲੋਕ ਸਬਰ ਤੇ ਰਜ਼ਾ ਦੇ ਧਾਰਨੀ ਹੁੰਦੇ ਹਨ ਉਨ੍ਹਾਂ ਵਿੱਚ ਆਤਮ ਹੱਤਿਆ ਦੀਆਂ ਵਾਰਦਾਤਾਂ ਨਹੀਂ ਹੁੰਦੀਆਂ ਸਾਰੇ ਧਰਮਾਂ ਵਿੱਚ ਰੱਬ ਦੀਆਂ ਸਿਫਤਾਂ ਵਿੱਚ ਇੱਕ ਸਾਰਤਾ ਹੈ। ਉਹ ਸਾਰੀ ਸਰਿਸ਼ਟੀ ਵਿੱਚ ਵਿਆਪਕ ਹੈ। ਉਸ ਦੀ ਸਮੁੱਚੀ ਸੱਤਾ ਦੇਸ਼ ਕਾਲ ਦੀਆਂ ਹੱਦਾਂ ਵਿੱਚ ਸੀਮਤ ਨਹੀਂ। ਉਹ ਆਪਣੇ ਵਜੂਦ ਤੇ ਸਥਿਰਤਾ ਲਈ ਕਿਸੇ ਦੂਜੀ ਸ਼ਕਤੀ ਦਾ ਮੁਥਾਜ ਨਹੀਂ। ਜਿਧਰ ਤੇ ਜਿੱਥੇ ਤੱਕ ਨਿਗਾਹ ਮਾਰੋ ਉਸ ਦਾ ਹੀ ਜਲਵਾਂ ਦਿਸਦਾ ਹੈ। ਉਹ ਸਾਹ ਰੱਗ ਤੋਂ ਵੱਧ ਨੇੜੇ ਪਰ ਦੂਰ ਭੀ ਹੈ। ਉਸਦੀ ਜਾਤ ਉਸ ਵੇਲੇ ਭੀ ਕਾਇਮ ਸੀ ਜਦ ਮਨੁੱਖ ਤੇ ਕਾਇਨਾਤ ਦਾ ਵਜੂਦ ਭੀ ਨਹੀਂ ਸੀ। ਇਤਨਾ ਹੀ ਨਹੀਂ ਆਉਣ ਵਾਲੇ ਹਰ ਸਮੇਂ ਉਸਦਾ ਵਜੂਦ ਰਹੇਗਾ। ਉਸ ਨੂੰ ਆਦਿ ਕਾਲ ਤੋਂ ਪ੍ਰਕਾਸ਼ਮਾਨ ਅਤੇ ਅਨੰਤ ਕਾਲ ਲਈ ਅਲਖ ਅਗੰਮ ਕਿਹਾ ਜਾਂਦਾ ਹੈ। ਹਰ ਤਰ੍ਹਾਂ ਦੇ ਵਿਚਾਰ ਸ਼ੁਰੂ ਵਿੱਚ ਅਰੂਪ ਹੁੰਦੇ ਹਨ ਜਦ ਤੱਕ ਕਿਸੇ ਭਾਸ਼ਾ ਜਾਂ ਜ਼ਬਾਨ ਦੁਆਰਾ ਸਾਹਮਣੇ ਨਾ ਆਉਣ। ਕੋਈ ਭਾਸ਼ਾ ਕਿੰਨੀ ਭੀ ਉੱਨਤੀ ਕਿਉਂ ਨ ਕਰ ਲਵੇ, ਮਾਨਵ-ਮਨ ਵਿੱਚ ਪੈਦਾ ਹੋਈਆਂ ਤਰੰਗਾਂ ਨੂੰ ਪੂਰਨ ਰੂਪ ਵਿੱਚ ਮੂਰਤੀਮਾਨ ਨਹੀਂ ਕਰ ਸਕਦੀ। ਕਿਉਂਕਿ ਭਾਸ਼ਾ ਦਾ ਵਿਕਾਸ ਮਨੁੱਖੀ ਚੇਤਨਾ ਦੇ ਵਿਕਾਸ ਤੇ ਨਿਰਭਰ ਹੈ। ਜਦ ਮਾਨਵ ਜਾਤ ਰੱਬ ਦੀ ਵਿਆਖਿਆ ਕਰਨ ਵਿੱਚ ਅਸਮਰੱਥ ਹੈ ਤਾਂ ਉਸ ਤੇ ਨਿਰਭਰ ਕਰ ਰਹੀ ਭਾਸ਼ਾ ਰੱਬ ਦੀ ਵਿਆਖਿਆ ਕਰਨ ਦਾ ਦਾਅਵਾ ਕਿਸ ਤਰ੍ਹਾਂ ਕਰ ਸਕਦੀ ਹੈ ਰੱਬ ਅਜੂਨੀ ਹੋਣ ਕਾਰਨ ਧਰਮ ਨਿਰਪੇਖ ਹੈ, ਹਰ ਧਰਮ ਨੇ ਰੱਬ ਦੇ ਦੋ ਸਰੂਪ ਇੱਕ ਨਿਰਗੁਣ ਤੇ ਦੂਜਾ ਸਰਗੁਣ ਦੱਸੇ ਹਨ। ਜੇ ਉਸ ਦਾ ਕੇਵਲ ਨਿਰਗੁਣ ਸਰੂਪ ਸਵੀਕਾਰ ਕੀਤਾ ਜਾਏ ਤਾਂ ਉਹ ਦਾਰਸ਼ਨਿਕ ਸੰਕਲਪ ਬਣ ਕੇ ਰਹਿ ਜਾਏਗਾ ਤੇ ਉਪਰੋਕਤ ਦੱਸੀਆਂ ਸਿਫਤਾਂ ਖਿਆਲੀ ਤੇ ਬੇਬੁਨਿਆਦ ਹੋ ਜਾਣਗੀਆਂ।


With compliments from

**BALRAJ SHARMA**
Sales Assistant

AN ISO 9002 COMPANY

pacl

**Punjab Alkalies & Chemicals Limited**

SCO: 125-127, Sector: 17-B, Chandigarh - 106 017, India
Tel.: 703645-47, Fax: 0172-704797, Grams: 'ALKALIES'
Telex: 0395-7393 PACL IN   E-mail: pacl.gen/sme
Internet: pacl.gen.@sme.sprintrpg.ems.vsnl.net.in

# ਸੰਗੀਤ ਅਕੈਡਮੀ ਵਾਲੇ ਬਾਬਾ ਮਹਿੰਦਰ ਸਿੰਘ

ਬਾਬਾ ਮਹਿੰਦਰ ਸਿੰਘ ਪਿਛਲੇ ਕਈ ਸਾਲਾਂ ਤੋਂ ਗੁਰੂ ਰਾਮਦਾਸ ਸੰਗੀਤ ਅਕੈਡਮੀ ਪਾਉਂਟਾ ਸਾਹਿਬ ਚਲਾ ਰਹੇ ਹਨ।

ਇਸ ਸੰਗੀਤ ਅਕੈਡਮੀ ਵਿੱਚ ਪੰਜਾਬ, ਹਰਿਆਣਾ, ਉਤਰ-ਪ੍ਰਦੇਸ਼ ਤੋਂ ਕਈ ਤਿੰਨ ਦਰਜਨ ਦੇ ਬੱਚੇ ਸੰਗੀਤ ਦੀ ਵਿਦਿਆ ਲੈ ਰਹੇ ਹਨ। ਸੰਗੀਤ ਦੀਆਂ ਪੁਰਾਤਨ ਪ੍ਰੰਪਰਾਵਾਂ ਨੂੰ ਕਾਇਮ ਰੱਖਦਿਆਂ ਗੁਰਬਾਣੀ ਦੀਆਂ 55 ਪੜਤਾਲਾਂ 'ਤੇ ਆਧਾਰਤ ਸੰਗੀਤ ਵਿੱਦਿਆ ਸਿਖਾਈ ਜਾਂਦੀ ਹੈ। ਇਥੇ ਹੀ ਬੱਸ ਨਹੀਂ ਸਿਖਿਆਰਥੀ ਲਈ ਲੰਗਰ ਅਤੇ ਰਿਹਾਇਸ਼ ਦਾ ਮੁਫਤ ਪ੍ਰਬੰਧ ਕੀਤਾ ਗਿਆ ਹੈ। ਬਾਬਾ ਮਹਿੰਦਰ ਸਿੰਘ ਨੇ ਦੱਸਿਆ ਕਿ 30-40 ਹਜ਼ਾਰ ਦਾ ਖਰਚਾ ਸੰਗਤਾਂ ਦੇ ਸਹਿਯੋਗ ਸਦਕਾ ਹੀ ਚਲਦਾ ਹੈ।

ਉਹ ਬਾਠਾਂ ਖੁਰਦ ਜਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ 1928 ਵਿੱਚ ਜਨਮੇ ਸਨ। 71 ਸਾਲਾ ਨੇਤਰਹੀਣ ਬਾਬੇ ਨੂੰ ਰੋਸ ਹੈ ਕਿ ਅੱਜ ਤੱਕ ਕਿਸੇ ਨੇ ਵੀ ਇਸ ਨਾਮਵਰ ਸੰਸਥਾ ਨੂੰ ਕੋਈ ਸਹਿਯੋਗ ਨਹੀਂ ਦਿੱਤਾ।

ਉਹ ਨੇਤਰਹੀਣ ਹੋਣ ਦੇ ਬਾਵਜੂਦ ਅਲਾਹਾਬਾਦ ਯੂਨੀਵਰਸਿਟੀ ਤੋਂ ਸੰਗੀਤ ਦੀ ਪ੍ਰਭਾਕਰ ਪਾਸ ਹਨ। ਉਨ੍ਹਾਂ ਦੀਆਂ ਦੋ ਕੈਸਟਾਂ 'ਮੀਠੇ ਹਰ ਗੁਣ ਗਾਉ ਜਿੰਦੂ, ਦਰਸਨ ਮਾਂਗਉ ਦੇਹਿ ਪਿਆਰੇ' ਸੀ.ਟੀ.ਸੀ. ਕੰਪਨੀ ਲੁਧਿਆਣਾ ਵਾਲਿਆਂ ਵੱਲੋਂ ਰਸਭਿੰਨੇ ਗੁਰਬਾਣੀ ਕੀਰਤਨ ਦੀਆਂ ਸਿੱਖ ਹਲਕਿਆਂ ਵਿੱਚ ਚਰਚਿਤ ਹਨ।

ਬਾਬਾ ਮਹਿੰਦਰ ਸਿੰਘ 1951 ਤੋਂ 1971 ਤੱਕ ਆਪਣੀ ਜ਼ਿੰਦਗੀ ਦੇ ਦੋ ਦਹਾਕੇ ਤਖਤ ਪਟਨਾ ਸਾਹਿਬ ਵਿੱਚ ਰਹੇ। ਉਹ ਫ਼ਖਰ ਮਹਿਸੂਸ ਕਰਦੇ ਹਨ ਕਿ ਸ੍ਰੀ ਪਟਨਾ ਸਾਹਿਬ ਰਹਿੰਦਿਆਂ ਅੱਜ ਦਾ ਮਸ਼ਹੂਰ ਗਾਇਕ ਦਲੇਰ ਮਹਿੰਦੀ ਵੀ ਉਨ੍ਹਾਂ ਕੋਲੋਂ ਸੰਗੀਤ ਦੀ ਵਿੱਦਿਆ ਪ੍ਰਾਪਤ ਕਰਦਾ ਸੀ ਕਿਉਂਕਿ ਦਲੇਰ ਮਹਿੰਦੀ ਦੇ ਪਿਤਾ ਅਜਮੇਰ ਸਿੰਘ ਉਨ੍ਹਾਂ ਨਾਲ ਅੱਠ ਸਾਲ ਗੁਰੂ ਘਰ ਵਿੱਚ ਕੀਰਤਨ ਕਰਦੇ ਰਹੇ। ਪਿਛਲੇ ਸਾਲ ਜਦੋਂ ਦਲੇਰ ਅਕੈਡਮੀ ਦੇ ਬੱਚਿਆਂ ਦੀ ਹੌਸਲਾ-ਅਫਜ਼ਾਈ ਲਈ ਆਏ ਤਾਂ ਲੋਕ ਵਹੀਰਾਂ ਘੱਤ ਕੇ ਇੱਥੇ ਪੁੱਜੇ।

ਬਾਬਾ ਮਹਿੰਦਰ ਸਿੰਘ ਨੂੰ 1979 ਤੋਂ 1984 ਤੱਕ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗੁਰੂ ਘਰ ਕੇ ਹਜ਼ੂਰੀ ਰਾਗੀ ਵਜੋਂ ਸੇਵਾ ਕਰਨ ਦਾ ਮਾਣ ਵੀ ਪ੍ਰਾਪਤ ਹੈ। ਉਹ ਟੈਕਸਲਾ 'ਨੇਤਰਹੀਣ ਸੰਸਥਾ' ਦੇ ਪ੍ਰਿੰਸੀਪਲ ਵੀ ਰਹੇ।

ਉਨ੍ਹਾਂ ਦੱਸਿਆ ਕਿ ਗੁਰੂ ਰਾਮ ਦਾਸ ਸੰਗੀਤ ਅਕੈਡਮੀ ਨੂੰ ਹੋਂਦ ਵਿੱਚ ਲਿਆਉਣ ਵਾਲੇ ਸ੍ਰੀ ਸੰਤਾ ਸਿੰਘ (ਮੀਤ ਪ੍ਰਧਾਨ ਗੁਰਦੁਆਰਾ ਪਾਉਂਟਾ ਸਾਹਿਬ) ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਹੁਣ ਇਸ ਅਕੈਡਮੀ ਨੂੰ ਪ੍ਰਫੁੱਲਤ ਕਰਨ ਲਈ ਦੋ ਕਨਾਲ ਜ਼ਮੀਨ ਹੋਰ ਲੈ ਲਈ ਹੈ ਤਾਂ ਜੋ ਅਕੈਡਮੀ ਦਾ ਵਿਸਥਾਰ ਕੀਤਾ ਜਾਵੇ।

ਬਾਬਾ ਮਹਿੰਦਰ ਸਿੰਘ ਨੇ ਦੱਸਿਆ ਕਿ ਹੁਣ ਜਿਹੜੇ ਬੱਚੇ ਇੱਥੇ ਸੰਗੀਤ ਵਿਦਿਆ ਲੈਂਦੇ ਹਨ ਉਹਨਾਂ ਨੂੰ ਗੁਰਬਾਣੀ ਦੇ ਪਾਠ ਯਾਦ ਕਰਾਉਣ ਤੋਂ ਇਲਾਵਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਾਬੀ ਦੀਆਂ ਮਿਆਰੀ ਕਲਾਸਾਂ ਦੇ ਇਮਤਿਹਾਨ ਕਰਵਾਉਣ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ☬


*ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ*

**ਗੁਰਸਿੱਖ ਸੰਜੋਗ**

(ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5735955



**Inder Surgical**

**Distributors for:**

- Romsons Sci. & Surgical Industries (P) Limted
- Hindustan Syringes & Medical Devices Limited
- KanamLatexLtd.
- B.D.F.
- Surigicare Gloves

With compliments from

**BHUPINDER SINGH**

Shop No. 59, Sector: 16-D
Chandigarh
Phone: 781563 (Shop), 612286 (Res)
Tele Fax: 543075

# ਪੰਜਾਬ ਦੇ ਲੋਕ ਸਾਜ਼

ਪ੍ਰੋ. ਅਨਿਲ ਨਰੂਲਾ ★

## ਨਗੋਜ਼ੇ

ਪੰਜਾਬ ਦੇ ਲੋਕ ਗੀਤਾਂ ਵਿੱਚ ਨਗੋਜ਼ਿਆਂ ਦਾ ਇੱਕ ਮਹੱਮਵਪੂਰਣ ਸਥਾਨ ਹੈ। ਪੰਜਾਬ ਵਿੱਚ ਆਮ ਤੌਰ ਤੇ ਇਹ ਸਾਜ਼ ਲੋਕ ਗੀਤਾਂ ਨਾਲ ਵਜਾਇਆ ਜਾਂਦਾ ਹੈ। ਪਿੰਡਾਂ ਵਿੱਚ ਗਊਆਂ, ਮੱਝਾਂ ਚਰਾਉਣ ਵਾਲੇ (ਪਾਲੀ) ਦਾ ਇਹ ਮਨ ਭਾਉਂਦਾ ਸਾਜ਼ ਹੈ। ਇਸ ਸਾਜ਼ ਨੂੰ ਬਣਾਉਣ ਵਾਸਤੇ ਬਾਂਸ ਨੂੰ ਖੋਖਲਾ ਕੀਤਾ ਜਾਂਦਾ ਹੈ। ਬੰਸਰੀ ਦਾ ਹੀ ਇੱਕ ਰੂਪ ਹੈ। ਇਹ ਦੋਵੇਂ ਬੰਸਰੀਆਂ ਨੂੰ ਇੱਕਠਾ ਵਜਾਇਆ ਜਾਂਦਾ ਹੈ। ਇਸ ਵਿੱਚ ਚਾਰ ਤੋਂ ਲੈ ਕੇ ਛੇ ਤੱਕ ਛੇਦ ਹੁੰਦੇ ਹਨ ਅਤੇ ਇਨ੍ਹਾਂ ਨੂੰ ਇਕੱਠੇ ਹੀ ਫੂਕ ਮਾਰੀ ਜਾਂਦੀ ਹੈ। ਇਹ ਸਾਜ਼ ਦੋਵੇਂ ਹੱਥਾਂ ਨਾਲ ਵਜਾਇਆ ਜਾਂਦਾ ਹੈ। ਹਰੇਕ ਬੰਸਰੀ ਉੱਤੇ ਤਿੰਨ-ਤਿੰਨ ਉਂਗਲਾਂ ਰੱਖੀਆਂ ਜਾਂਦੀਆਂ ਹਨ। ਇਸ ਸਾਜ਼ ਨਾਲ ਲੋਕ ਗੀਤਾਂ ਦੀ ਸੰਗਤ ਕੀਤੀ ਜਾਂਦੀ ਹੈ ਅਤੇ ਸੁਤੰਤਰ ਰੂਪ ਨਾਲ ਵਜਾਇਆ ਜਾਂਦਾ ਹੈ।




ਅਲਵਰ ਦੇ MEOS ਵੀ ਇਸ ਨੂੰ ਗੀਤਾਂ ਦੇ ਨਾਲ ਵਜਾਉਂਦੇ ਹਨ। ਇਸ ਸਾਜ਼ ਦਾ ਸੁਰ ਕਾਫ਼ੀ ਉੱਚਾ ਹੁੰਦਾ ਹੈ। ਇਸ ਕਰਕੇ ਇਸ ਦੇ ਨਾਲ ਗਾਉਣ ਵਾਲੇ ਵੀ ਕਾਫ਼ੀ ਉੱਚੇ ਸੁਰ ਤੇ ਗਾਉਂਦੇ ਹਨ। ਸਿੰਧ ਪ੍ਰਦੇਸ਼ ਵਿੱਚ ਥੋੜ੍ਹਾ ਜਿਹਾ ਅੰਤਰ ਕਰਕੇ ਇਸ ਸਾਜ਼ ਨੂੰ ਬੀਨ ਆਖਦੇ ਹਨ।

ਅੱਜ ਕਲ੍ਹ ਨਗੋਜ਼ਿਆਂ ਨੂੰ ਪੰਜਾਬ ਦੇ ਲੋਕ ਸਾਜ਼ਾਂ ਨਾਲ, ਪੰਜਾਬੀ ਬੋਲੀਆਂ ਅਤੇ ਹੋਰ ਕਈ ਗੀਤਾਂ, ਗਿੱਧਿਆਂ ਅਤੇ ਭੰਗੜਿਆਂ ਨਾਲ ਵਜਾਉਂਦੇ ਹਨ।

## ਚਿਮਟਾ

ਚਿਮਟਾ ਪੰਜਾਬ ਦੇ ਪ੍ਰਸਿੱਧ ਨਾਚ ਭੰਗੜੇ ਵਿੱਚ ਪ੍ਰਯੋਗ ਹੋਣ ਵਾਲਾ ਮੁੱਖ ਸਾਜ਼ ਹੈ। ਇਸ ਨੂੰ ਲੋਕ-ਗੀਤਾਂ ਵਿੱਚ ਢੋਲਕੀ ਦੇ ਨਾਲ ਵਜਾਇਆ ਜਾਂਦਾ ਹੈ। ਇਸ ਤੋਂ ਇਲਾਵਾ ਇਹ ਸਾਜ਼ ਭਜਨ, ਕੀਰਤਨ, ਨਗਰ ਕੀਰਤਨ, ਪ੍ਰਭਾਤ ਫੇਰੀ ਲਈ ਵੀ ਪ੍ਰਯੋਗ ਕਰਦੇ ਹਨ।

### ਬਣਾਵਟ

ਇਹ ਲੋਹੇ ਦਾ ਲਗਭਗ ਦੋ ਤੋਂ ਚਾਰ ਫੁੱਟ ਲੰਮਾ ਆਮ ਚਿਮਟਿਆਂ ਤੇ ਸਮਾਨ ਹੁੰਦਾ ਹੈ। ਇਸ ਦੀ ਲੰਬਾਈ ਆਮ ਤੌਰ ਤੇ 10 ਸੈਂਟੀਮੀਟਰ ਹੁੰਦੀ ਹੈ। ਇਸ ਦੇ ਮੁਠ ਦੇ ਮੋੜ ਉੱਤੇ ਇੱਕ ਗੋਲ ਆਕਾਰ ਦਾ ਲੋਹੇ ਦਾ ਕੜਾ ਹੁੰਦਾ ਹੈ। ਖੱਬੇ ਹੱਥ ਨਾਲ ਉਸ ਕੜੇ ਨੂੰ ਚਿਮਟੇ ਤੇ ਮਾਰਦੇ ਹਨ ਤੇ ਸੱਜੇ ਹੱਥ ਨਾਲ ਉਸ ਕੜੇ ਨੂੰ ਚਿਮਟੇ ਤੇ ਮਾਰਦੇ ਤੇ ਸੱਜੇ ਹੱਥ ਨਾਲ ਚਿਮਟੇ ਦੇ ਦੋਵੇਂ ਪਤਰਿਆਂ ਨੂੰ ਆਪਸ ਵਿੱਚ ਟਕਰਾਉਂਦੇ ਹੋਏ ਇਸ ਨੂੰ ਵਜਾਉਂਦੇ ਹਨ। ਚਿਮਟੇ ਉੱਤੇ ਖੜਤਾਲ ਦੇ ਸਮਾਨ ਛੋਟੇ-ਛੋਟੇ ਪਿੱਤਲ ਜਾਂ ਲੋਹੇ ਦੇ ਗੋਲ ਆਕਾਰ ਦੇ ਛੈਣੇ ਲਗੇ ਹੁੰਦੇ ਹਨ।




ਅੱਜ ਤੋਂ ਕੁਝ ਸਮਾਂ ਪਹਿਲਾਂ ਇਨ੍ਹਾਂ ਛੈਣਿਆਂ ਦਾ ਆਕਾਰ ਅੱਜ ਦੇ ਛੈਣਿਆਂ ਨਾਲੋਂ ਵੱਡਾ ਹੁੰਦਾ ਸੀ ਅਤੇ ਵੱਡੇ ਹੋਣ ਕਾਰਨ ਚਿਮਟੇ ਦੀ ਆਵਾਜ਼ ਭਾਰੀ ਹੁੰਦੀ ਸੀ। ਪ੍ਰੰਤੂ ਅੱਜ ਕਲ੍ਹ ਚਿਮਟੇ ਵਿੱਚ ਜਿਹੜੇ ਛੈਣੇ ਪੈਂਦੇ ਹਨ ਉਹ ਗੋਲ ਆਕਾਰ ਵਿੱਚ ਛੋਟੇ ਅਤੇ ਮਿੱਠੀ ਆਵਾਜ਼ ਦਿੰਦੇ ਹਨ।

ਜਿਹੜੇ ਚਿਮਟੇ ਉੱਤੇ ਵੱਡੇ ਆਕਾਰ ਵਾਲੇ ਛੈਣੇ ਲਗੇ ਹੁੰਦੇ ਹਨ ਉਹ ਚਿਮਟੇ ਦਿਹਾਤੀ ਵਾਜੇ ਵਾਲੇ ਵਜਾਉਂਦੇ ਹਨ ਅਤੇ ਜਿਹੜੇ ਚਿਮਟੇ ਉੱਤੇ ਛੋਟੇ ਆਕਾਰ ਵਾਲੇ ਛੈਣੇ ਲਗੇ ਹੁੰਦੇ ਹਨ ਉਹ ਭੰਗੜੇ, ਭਜਨਾਂ, ਕੀਰਤਨਾਂ ਵਿੱਚ ਪ੍ਰਯੋਗ ਹੁੰਦੇ ਹਨ।

ਅੱਜ ਵੀ ਜਦੋਂ ਪਿੰਡ ਵਿੱਚ ਵਿਆਹ ਸ਼ਾਦੀ ਹੋਵੇ ਜਾਂ ਕੋਈ ਹੋਰ ਖੁਸ਼ੀ ਦਾ ਉਤਸਵ ਹੋਵੇ ਤਾਂ ਉਹਨਾਂ ਦੇ

★ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦਿਹਾਤੀ ਵਾਜੇ ਵਾਲਿਆਂ ਦੇ ਨਾਲ ਚਿਮਟੇ ਵਾਲਾ ਵੀ ਜ਼ਰੂਰੀ ਹੁੰਦਾ ਹੈ।

### ਘੜਾ

ਪੰਜਾਬ ਦੀ ਸੱਭਿਅਤਾ ਅਤੇ ਲੋਕ ਸੰਗੀਤ ਦੇ ਖੇਤਰ ਵਿੱਚ ਘੜੇ ਨੂੰ ਆਪਣਾ ਇੱਕ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਸ ਦੀ ਉਦਾਹਰਣ ਸੋਹਣੀ ਘੁਮਿਆਰਣ ਸਾਡੇ ਸਾਹਮਣੇ ਹੈ। ਅੱਜ ਵੀ ਸੋਹਣੀ ਦੇ ਕਿੱਸੇ ਘੜੇ ਨਾਲ ਗਾਉਂਦੇ ਹਨ। ਇਹ ਸਾਜ਼ ਪੰਜਾਬ ਦੇ ਲੋਕ-ਗੀਤਾਂ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ।




ਪੁਰਾਣੇ ਸਮੇਂ ਵਿੱਚ ਸ਼ਿਕਾਰੀ ਲੋਕ ਮਿਰਗ ਦਾ ਸ਼ਿਕਾਰ ਕਰਨ ਲਈ ਇਸ ਦੇ ਮੂੰਹ ਉੱਤੇ ਰਬੜ ਬੰਨ੍ਹ ਕੇ ਇੱਕ ਖ਼ਾਸ ਤਰੀਕੇ ਨਾਲ ਵਜਾਉਂਦੇ ਸੀ ਜਿਸ ਦੀ ਆਵਾਜ਼ ਸੁਣ ਕੇ ਮਿਰਗ ਕੋਲ ਆ ਜਾਂਦਾ ਸੀ ਅਤੇ ਫਿਰ ਸ਼ਿਕਾਰੀ ਲੋਕ ਉਸ ਨੂੰ ਆਪਣਾ ਨਿਸ਼ਾਨਾ ਬਣਾ ਲੈਂਦੇ ਸਨ।

ਅੱਜ ਜਿਹੜਾ ਘੜਾ ਲੋਕ ਗੀਤਾਂ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ ਉਸ ਦਾ ਮੂੰਹ ਉਪਰੋਂ ਛੋਟਾ ਤੇ ਢਿੱਡ ਵੱਡਾ ਹੁੰਦਾ ਹੈ। ਇਸ ਨੂੰ ਦੋਵੇਂ ਹੱਥਾਂ ਨਾਲ ਵਜਾਇਆ ਜਾਂਦਾ ਹੈ। ਇੱਕ ਹੱਥ ਘੜੇ ਦੇ ਖਾਲੀ ਮੂੰਹ ਉੱਤੇ ਮਾਰਦੇ ਹਨ ਅਤੇ ਦੂਜੇ ਨੂੰ ਘੜੇ ਦੇ ਢਿੱਡ ਵਿਚਕਾਰ ਮਾਰਦੇ ਹਨ। ਇਸ ਘੜੇ ਦਾ ਢਿੱਡ ਵੱਡਾ ਅਤੇ ਮੂੰਹ ਛੋਟਾ ਹੋਣ ਕਾਰਣ ਇੱਕ ਖਾਸ ਤਰ੍ਹਾਂ ਦੀ ਆਵਜ਼ ਨਿਕਲਦੀ ਹੈ। ਕਈ ਵਾਰੀ ਇੱਕ ਹੱਥ ਵਿੱਚ ਛੱਲੇ ਪਾ ਲਏ ਜਾਂਦੇ ਹਨ ਜਿਸ ਦੇ ਨਾਲ ਕਿ ਉਸ ਦੀ ਤਾਲ ਕੰਨਾਂ ਨੂੰ ਚੰਗੀ ਲਗਦੀ ਹੈ। ਇਹ ਸਾਜ਼ ਤਾਲ ਪ੍ਰਧਾਨ ਹੈ। ਆਮ ਤੌਰ ਤੇ ਘੜੇ ਦੇ ਮੂੰਹ ਦੀ ਚੌੜਾਈ 9 ਸੈਂਟੀਮੀਟਰ ਤੋਂ ਲੈ ਕੇ 12 ਸੈਂਟੀਮੀਟਰ ਤੱਕ ਹੁੰਦੀ ਹੈ।

ਘੜਾ ਵਜਾਉਣ ਵਾਲੇ ਅੱਜ ਕਲ੍ਹ ਆਪਣੇ ਘੜੇ ਨੂੰ ਬਾਹਰੋਂ ਕਈ ਪ੍ਰਕਾਰ ਦੇ ਰੰਗਾਂ ਨਾਲ ਰੰਗ ਲੈਂਦੇ ਹਨ ਤਾਂ ਜੋ ਵੇਖਣ ਨੂੰ ਚੰਗਾ ਲੱਗੇ।

### ਖੜਤਾਲ

ਖੜਤਾਲ ਨੂੰ ਕਰਤਾਨ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਵੀ ਇੱਕ ਪ੍ਰਾਚੀਨ ਕਾਲ ਦਾ ਸਾਜ਼ ਹੈ। ਪ੍ਰਾਚੀਨ ਸਮੇਂ ਤੋਂ ਲੈ ਕੇ ਹੁਣ ਤੱਕ ਇਹ ਸਾਧੂ ਸੰਤਾਂ ਦਾ ਮਨ ਭਾਉਂਦਾ ਸਾਜ਼ ਰਿਹਾ ਹੈ। ਅੱਜ ਵੀ ਇਹ ਮੰਦਰ, ਗੁਰਦੁਆਰਿਆਂ ਵਿੱਚ ਭਜਨ, ਕੀਰਤਨਾਂ ਨਾਲ ਵਜਾਈ ਜਾਂਦੀ ਹੈ। ਅੱਜ ਇਸ ਨੇ ਤਰੱਕੀ ਕਰਕੇ ਪੰਜਾਬ ਦੇ ਲੋਕ ਸੰਗੀਤ ਵਿੱਚ ਵੀ ਆਪਣਾ ਸਥਾਨ ਬਣਾ ਲਿਆ ਹੈ। ਅੱਜ ਦੇ ਦਿਹਾਤੀ ਗੱਭਰੂਆਂ ਨੂੰ ਇੱਕ ਹੱਥ ਵਿੱਚ ਤੂੰਬੀ (ਇੱਕ ਤਾਰਾ) ਤੇ ਦੂਜੇ ਹੱਥ ਵਿੱਚ ਖੜਤਾਲ ਦੀ ਜੋੜੀ ਲੈ ਕੇ ਵਜਾਉਂਦਿਆਂ ਤੇ ਗਾਉਂਦਿਆਂ ਵੇਖ ਸਕਦੇ ਹਾਂ। ਤੂੰਬੀ (ਇਕਤਾਰਾ) ਦੇ ਨਾਲ ਸੁਰ ਕੱਢਦੇ ਹਨ ਅਤੇ ਖੜਤਾਲ ਨਾਲ ਆਪਣੀ ਲੈਅ ਨਾਲ ਤਾਲ ਸੰਭਾਲਦੇ ਹੋਏ ਗਾਉਂਦੇ ਹਨ ਅਤੇ ਨਾਲ ਖੜਤਾਲ ਵਜਦੀ ਹੋਈ ਵੀ ਚੰਗੀ ਲਗਦੀ ਹੈ। ਇਸ ਦੇ ਛੈਣਿਆਂ ਦੀ ਆਵਾਜ਼ ਬੜੀ ਪਿਆਰੀ ਤੇ ਮਿੱਠੀ ਹੁੰਦੀ ਹੈ।

ਬਣਾਵਟ

ਇਹ ਲੱਕੜੀ ਦੇ ਦੋ, ਇੱਕ ਸਮਾਨ ਟੁਕੜਿਆਂ ਨਾਲ ਬਣਾਈ ਜਾਂਦੀ ਹੈ। ਇਸ ਦੀ ਲੰਬਾਈ ਪੰਜ ਇੰਚ ਤੋਂ ਲੈ ਕੇ ਦਸ ਇੰਚ ਤੱਕ ਅਤੇ ਚੌੜਾਈ ਦੋ ਇੰਚ ਤੋਂ ਲੈ ਕੇ ਤਿੰਨ ਇੰਚ ਤੱਕ ਹੁੰਦੀ ਹੈ।




ਇਸ ਵਿੱਚ ਖੰਜਰੀ ਦੇ ਸਮਾਨ ਪਿੱਤਲ ਦੇ ਗੋਲ ਆਕਾਰ ਦੇ ਛੋਟੇ-ਛੋਟੇ ਛੈਣੇ ਦੋ-ਤਿੰਨ ਜਗ੍ਹਾ ਤੇ ਲਗਾਏ ਜਾਂਦੇ ਹਨ। ਇਹ ਇੱਕੋ ਹੱਥ ਵਿੱਚ ਪਕੜੀ ਜਾਂਦੀ ਹੈ। ਇੱਕ ਲੱਕੜੀ ਦੇ ਟੁਕੜੇ ਵਿੱਚ ਅੰਗੂਠਾ ਪਾਉਣ ਦੀ ਥਾਂ ਹੁੰਦੀ ਹੈ ਅਤੇ ਦੂਸਰੇ ਟੁਕੜੇ ਵਿੱਚ ਚਾਰ ਉਂਗਲੀਆਂ ਪਾਉਣ ਦੀ ਥਾਂ ਹੁੰਦੀ ਹੈ ਅਤੇ ਇਨ੍ਹਾਂ ਦੋਹਾਂ ਟੁਕੜਿਆਂ ਨੂੰ ਆਪਸ ਵਿੱਚ ਖੜਕਾਉਣਾ ਹੀ ਇਸ ਦੀ ਵਾਦਨ ਸ਼ੈਲੀ ਹੈ।

ਮੀਰਾ ਬਾਈ ਨੇ ਵੀ ਇੱਕ ਹੱਥ ਵਿੱਚ ਖੜਤਾਲ ਤੇ ਦੂਜੇ ਹੱਥ ਵਿੱਚ ਇਕਤਾਰਾ ਲੈ ਕੇ ਭਜਨ, ਕੀਰਤਨ ਕਰਦਿਆਂ ਹੋਇਆ ਮੁਕਤੀ ਪ੍ਰਾਪਤ ਕੀਤੀ।

### ਘੁੰਘਰੂ




ਘੁੰਘਰੂ ਅਤਿ ਪ੍ਰਾਚੀਨ ਕਾਲ ਦਾ ਸਾਜ਼ ਹੈ। ਇਸ ਦੀ ਗਿਣਤੀ ਘਣ ਸਾਜ਼ਾਂ ਵਿੱਚ ਕੀਤੀ ਜਾਂਦੀ ਹੈ। ਇਹ ਪੰਜਾਬ ਦਾ ਹੀ ਨਹੀਂ ਸਗੋਂ ਸਾਰੇ ਭਾਰਤ ਦਾ ਆਪਣਾ ਮਨ ਭਾਉਂਦਾ ਸਾਜ਼ ਹੈ। ਭਾਰਤ ਵਿੱਚ ਹਰੇਕ ਪ੍ਰਕਾਰ ਦੇ ਅਤੇ ਹਰੇਕ ਪ੍ਰਾਂਤ ਦੇ ਨਾਚ ਵਿੱਚ ਇਸ ਦਾ ਪ੍ਰਯੋਗ ਹੁੰਦਾ ਹੈ। ਭਾਰਤੀ ਸ਼ਾਸਤਰੀ ਨਾਚ ਭਾਵੇਂ ਉਹ ਕਥਕ, ਮਣੀਪੁਰੀ, ਭਰਤ ਨਾਟਯਮ, ਕੁਚੀਪੁੜੀ ਜਾਂ ਕਥਾਕਲੀ ਹੋਵੇ, ਘੁੰਘਰੂਆਂ ਦਾ ਪ੍ਰਯੋਗ ਹੋਣਾ ਜ਼ਰੂਰੀ ਹੈ। ਇਹ ਤਾਲ ਪ੍ਰਧਾਨ ਸਾਜ਼ ਹੈ।

ਪੰਜਾਬ ਵਿੱਚ ਮਰਦ ਅਤੇ ਤੀਵੀਆਂ ਦਾ ਇਹ ਇਕੱਠਾ ਸਾਜ਼ ਹੈ। ਮਰਦ ਇਸ ਨੂੰ ਪੈਰਾਂ ਵਿੱਚ ਬੰਨ੍ਹ ਕੇ ਭੰਗੜੇ ਜਾਂ ਮੇਲਿਆਂ ਵਿੱਚ ਨੱਚਦੇ ਹਨ। ਤੀਵੀਆਂ ਵਿਆਹ ਸ਼ਾਦੀਆਂ ਅਤੇ ਤੀਆਂ ਵਿੱਚ, ਗਿੱਧਿਆਂ ਵਿੱਚ ਨੱਚਦੇ ਹੋਏ ਇਸ ਸਾਜ਼ ਦਾ ਪ੍ਰਯੋਗ ਕਰਦੀਆਂ ਹਨ। ਜਿਹੜੇ ਘੁੰਘਰੂ ਲੋਕ ਨਾਚ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ ਉਹ ਇੱਕ ਚਮੜੇ ਦੇ ਪਟੇ ਵਿੱਚ ਪਿਰੋਏ ਜਾਂਦੇ ਹਨ ਅਤੇ ਉਨ੍ਹਾਂ ਦੀ ਗਿਣਤੀ ਲੋਕ ਨਾਚ ਦੇ ਘੁੰਘਰੂਆਂ ਨਾਲੋਂ ਵੱਧ ਹੁੰਦੀ ਹੈ।

ਲੋਕ ਨਾਚ ਦੇ ਘੁੰਘਰੂ ਜਿਹੜੇ ਇੱਕ ਚਮੜੇ ਦੇ ਪਟੇ ਵਿੱਚ ਲੱਗੇ ਹੁੰਦੇ ਹਨ ਉਹਨਾਂ ਦੇ ਸੁਰ ਵੱਲ ਇੰਨਾ ਧਿਆਨ ਨਹੀਂ ਦਿੱਤਾ ਜਾਂਦਾ ਹੈ ਜਿੰਨਾ ਕਿ ਸ਼ਾਸਤਰੀ ਨਾਚ ਦੇ ਘੁੰਘਰੂਆਂ ਦੇ ਸੁਰ ਤੇ ਧਿਆਨ ਦਿੱਤਾ ਜਾਂਦਾ ਹੈ।

ਸ਼ਾਸਤਰੀ ਨਾਚ ਦੇ ਸਾਰੇ ਘੁੰਘਰੂ ਸੁਰ ਤੇ ਮਿਲੇ ਹੁੰਦੇ ਹਨ।

ਸ਼ਾਸਤਰੀ ਨ੍ਰਿਤ ਕਰਨ ਵਾਲੇ ਦੇ ਇੱਕ ਪੈਰ ਦੀ ਰੱਸੀ ਵਿੱਚ ਆਮ ਤੌਰ ਤੇ ਸੌ ਤੋਂ ਲੈ ਕੇ ਢਾਈ ਸੌ ਤੱਕ ਦੀ ਗਿਣਤੀ ਵਿੱਚ ਘੁੰਘਰੂ ਹੁੰਦੇ ਹਨ।

ਅਭਿਨੈ ਦਰਪਣ ਦੇ ਰਚਨਾਕਾਰ ਨੰਦਕੇਸ਼ਵਰ ਦੇ ਅਨੁਸਾਰ ਘੁੰਘਰੂ ਕਾਂਸੀ ਧਾਤ ਦੇ ਬਣੇ ਹੋਏ ਚਾਹੀਦੇ ਹਨ। ਘੁੰਘਰੂਆਂ ਦੀ ਬਣਾਵਟ ਇੱਕ ਤਰ੍ਹਾਂ ਦੀ ਅਤੇ ਸੁੰਦਰ ਹੋਣੀ ਚਾਹੀਦੀ ਹੈ। ਪਿੱਤਲ ਧਾਤ ਦੇ ਘੁੰਘਰੂ ਵੀ ਲਏ ਜਾ ਸਕਦੇ ਹਨ।

ਘੁੰਘਰੂਆਂ ਦੀ ਬਣਾਵਟ ਦੋ ਤਰ੍ਹਾਂ ਦੀ ਹੁੰਦੀ ਹੈ। ਇੱਕ ਤਰ੍ਹਾਂ ਦੀ ਤਾਂ ਇੱਕ ਮੂੰਹ ਵਾਲੇ, ਦੂਜੇ ਤਰ੍ਹਾਂ ਦੀ ਚਾਰ ਮੂੰਹ ਵਾਲੇ ਹੁੰਦੇ ਹਨ। ਹਰੇਕ ਘੁੰਘਰੂ ਵਿੱਚ ਕਾਲੀ ਛੋਟੀ ਗੋਲ ਮਿਰਚ ਦੇ ਬਾਰਬਰ ਲੋਹੇ ਦੀ ਗੋਲੀ ਹੁੰਦੀ ਹੈ। ਇਹ ਇੱਕ ਰੱਸੀ ਵਿੱਚ ਪਰੋਏ ਜਾਂਦੇ ਹਨ। ਡੋਰੀ ਵਿੱਚ ਪਹਿਲਾਂ ਇੱਕ ਗੰਢ ਪਾ ਕੇ ਇੱਕ ਘੁੰਘਰੂ ਪਿਰੋਇਆ ਜਾਂਦਾ ਹੈ ਅਤੇ ਫਿਰ ਇੱਕ ਗੰਢ ਮਾਰੀ ਜਾਂਦੀ ਹੈ। ਧਿਆਨ ਰਹੇ ਕਿ ਘੁੰਘਰੂ ਦੇ ਉੱਤੇ ਕੋਈ ਗੰਢ ਨਾ ਆਵੇ ਬਲਕਿ ਖਾਲੀ ਡੋਰੀ ਵਿੱਚ ਹੀ ਗੰਢ ਆਵੇ। ਘੁੰਘਰੂ ਘਿਸ ਘਿਸ ਕੇ ਜਿੰਨੇ ਪੁਰਾਣੇ ਹੋ ਜਾਣ ਉੱਨੇ ਹੀ ਚੰਗੇ ਹੁੰਦੇ ਹਨ।

### ਸੱਪ

ਜਿਵੇਂ ਕਿ ਇਸ ਦਾ ਨਾਂ ਹੈ ਉਸ ਤਰ੍ਹਾਂ ਇਸ ਦੀ ਬਣਾਵਟ ਹੁੰਦੀ ਹੈ। ਪੰਜਾਬ ਦਾ ਇਹ ਇੱਕ ਅਜਿਹਾ ਸਾਜ਼ ਹੈ ਜਿਹੜਾ ਕਿ ਹੋਰ ਕਿਸੇ ਵੀ ਪ੍ਰਦੇਸ਼ ਵਿੱਚ ਵੇਖਣ ਜਾਂ ਸੁਣਨ ਵਿੱਚ ਨਹੀਂ ਮਿਲਦਾ। ਭਾਵ ਇਹ ਕਿ ਇਸ ਦੀ ਉਤਪਤੀ ਪੰਜਾਬ ਵਿੱਚ ਹੋਈ ਹੈ। ਇਸ ਦਾ ਪ੍ਰਯੋਗ ਗਿੱਧਾ, ਭੰਗੜਾ, ਲੁੱਡੀ ਆਦਿ ਵਿੱਚ ਹੁੰਦਾ ਹੈ। ਹਿੰਦੀ ਵਿੱਚ ਇੱਕ ਵਾਕ ਹੈ "ਆਵਸ਼ਕਤਾ ਆਵਿਸ਼ਕਾਰ ਦੀ ਜਣਨੀ ਹੈ" ਅਰਥਾਤ ਸਮੇਂ ਅਤੇ ਲੋਕਾਂ ਦੇ ਸੁਭਾ ਦੀ ਲੋੜ ਅਨੁਸਾਰ ਸੱਪ ਦੀ ਉਤਪਤੀ ਹੋਈ। ਇਸ ਦੀ ਆਵਾਜ਼ ਇਸ ਤਰ੍ਹਾਂ ਹੁੰਦੀ ਹੈ ਜਿਸ ਤਰ੍ਹਾਂ ਦਸ ਪੰਦਰਾਂ ਆਦਮੀਆਂ ਨੇ ਇੱਕੋ ਸਮੇਂ ਤੇ ਤਾਲੀ ਵਜਾਈ ਹੋਵੇ ਅਰਥਾਤ ਲੋਕਾਂ ਨੇ ਤਾਲੀ ਦੀ ਜ਼ਰੂਰਤ ਨੂੰ ਹੱਲ ਕਰਨ ਵਾਸਤੇ "ਸੱਪ" ਨੂੰ ਈਜਾਦ

ਕੀਤਾ। ਇਹ ਤਾਲ ਪ੍ਰਧਾਨ ਸਾਜ਼ ਹੈ।

ਬਣਾਵਟ




ਇਸ ਦੀ ਬਣਾਵਟ ਜਿਵੇਂ ਕਿ ਬੱਚਿਆਂ ਦੇ ਖੇਡਣ ਲਈ ਕਾਨਿਆਂ ਦਾ ਸੱਪ ਹੁੰਦਾ ਹੈ ਬਿਲਕੁਲ ਉਹ ਹੀ ਇਸ ਦੀ ਬਣਾਵਟ ਹੈ। ਫ਼ਰਕ ਇੰਨਾ ਹੈ ਕਿ ਉੱਥੇ ਕਾਨੇ ਲਗੇ ਹੁੰਦੇ ਹਨ ਤੇ ਇੱਥੇ ਲੱਕੜੀ ਦੀਆਂ ਖੜ੍ਹੀਆਂ ਤੇ ਚਪਟੀਆਂ ਫੱਟੀਆਂ ਹੁੰਦੀਆਂ ਹਨ। ਇਨ੍ਹਾਂ ਫੱਟੀਆਂ ਦੀ ਲੰਬਾਈ ਲਗਭਗ ਇੱਕ ਫੁੱਟ ਅਤੇ ਚੌੜਾਈ ਇੱਕ ਇੰਚ, ਮੋਟਾਈ ਪੌਣੀ ਇੰਚ ਹੁੰਦੀ ਹੈ। ਇਹ ਆਮ ਤੌਰ ਤੇ 27 ਸੈਂਟੀਮੀਟਰ ਲੰਬਾਈ ਦਾ ਹੁੰਦਾ ਹੈ। ਫੱਟੀਆਂ ਦੇ ਸਿਰਿਆਂ ਉੱਤੇ ਗੋਲ ਆਕਾਰ ਦੇ ਛੇਦ ਕਰ ਲਏ ਜਾਂਦੇ ਹਨ। ਇੱਕ ਫੱਟੀ ਨੂੰ ਦੂਜੀ ਫੱਟੀ ਨਾਲ ਕਾਨਿਆਂ ਦੇ ਸੱਪ ਦੀ ਤਰ੍ਹਾਂ ਜੋੜ ਦਿੱਤਾ ਜਾਂਦਾ ਹੈ। ਜੋੜਨ ਲਈ ਪਤਲਾ ਸਰੀਆ ਲਿਆ ਜਾਂਦਾ ਹੈ ਤੇ ਸਰੀਆਂ ਦੇ ਟੋਟੇ ਇੱਕ ਫੱਟੀ ਦੇ ਸਿਰਿਆਂ ਵਿੱਚੋਂ ਕੱਢ ਕੇ ਉਪਰ ਬੰਡ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਚੌਦਾਂ ਤੋਂ ਲੈ ਕੇ ਵੀਹ ਫੱਟੀਆਂ ਤੱਕ ਦਾ ਸੱਪ ਬਣਾਇਆ ਜਾਂਦਾ ਹੈ। ਇਹ ਫੱਟੀਆਂ ਆਮ ਤੌਰ ਤੇ ਟਾਹਲੀ ਦੀ ਲੱਕੜੀਆਂ ਦੀਆਂ ਹੁੰਦੀਆਂ ਹਨ।

ਕਾਟੋ

ਸੱਪ ਸਾਜ਼ ਦੀ ਤਰ੍ਹਾਂ ਕਾਟੋ ਵੀ ਪੰਜਾਬ ਦੇ ਲੋਕ ਸੰਗੀਤ ਵਿੱਚ ਕਾਫ਼ੀ ਮਹੱਤਪੂਰਣ ਸਥਾਨ ਰੱਖਦੀ ਹੈ। ਇਹ ਵੀ ਪੰਜਾਬ ਦਾ ਇੱਕ ਖ਼ਾਸ ਸਾਜ਼ ਹੈ। ਇਸ ਦਾ ਰੂਪ ਕੇਵਲ ਪੰਜਾਬ ਵਿਚ ਹੀ ਵੇਖਣ ਨੂੰ ਮਿਲਦਾ ਹੈ। ਹੋਰ ਕਿਸੇ ਵੀ ਪ੍ਰਦੇਸ਼ ਵਿੱਚ ਅਜੇਹਾ ਜਾਂ ਇਸ ਦੇ ਨਾਲ ਦਾ ਕੋਈ ਵੀ ਰੂਪ ਵੇਖਣ ਨੂੰ ਨਹੀਂ ਮਿਲਦਾ। ਪੰਜਾਬ ਵਿੱਚ ਇਸ ਦਾ ਪ੍ਰਯੋਗ ਲੁੱਡੀ, ਗਿੱਧੇ, ਭੰਗੜੇ ਆਦਿ ਵਿੱਚ ਹੁੰਦਾ ਹੈ। ਇਹ ਸਾਜ਼ ਸਿਰਫ਼ ਤਾਲ ਪ੍ਰਧਾਨ ਹੈ।

ਜਿਵੇਂ ਕਿ ਢੱਡ, ਸਾਰੰਗੀ ਦੀ ਜੋੜੀ ਪੰਜਾਬ ਲੋਕ ਸੰਗੀਤ ਵਿੱਚ ਪ੍ਰਸਿੱਧ ਹੈ। ਬਿਲਕੁਲ ਉਸੇ ਤਰ੍ਹਾਂ ਹੀ ਸੱਪ ਕਾਟੋ ਦੀ ਜੋੜੀ।

ਬਣਾਵਟ

ਇਸ ਦੀ ਬਣਾਵਟ ਸਿਰਫ ਇੱਕ ਡੰਡਾ ਅਤੇ ਕਾਟੋ ਦੀ ਸ਼ਕਲ ਵਿੱਚ ਘੜੀ ਹੋਈ ਲੱਕੜੀ ਹੀ ਹੈ। ਡੰਡੇ ਦੀ ਲੰਬਾਈ ਜ਼ਰੂਰਤ ਅਨੁਸਾਰ ਇੱਕ ਜਾ ਸਵਾ ਮੀਟਰ ਹੁੰਦੀ ਹੈ। ਆਮ ਤੌਰ ਤੇ ਇਸ ਦੀ ਲੰਬਾਈ 90 ਸੈਂਟੀਮੀਟਰ ਤੋਂ ਲੈ ਕੇ 100 ਸੈਂਟੀਮੀਟਰ ਤੱਕ ਹੁੰਦੀ ਹੈ। ਉਸ ਦੇ ਉਪਰਲੇ ਸਿਰੇ ਤੇ ਲੱਕੜੀ ਦੀ ਕਾਟੋ ਬਣਾ ਕੇ ਉਸ ਦੇ ਪੈਰਾਂ ਵਿੱਚ ਢਿੱਲੇ ਕੋਕੇ ਲਗਾ ਦਿੱਤੇ ਜਾਂਦੇ ਹਨ। ਕਾਟੋ ਦੇ ਮੂੰਹ ਨੂੰ ਰੱਸੀ ਬੰਨ੍ਹ ਕੇ ਖਿੱਚਿਆ ਜਾਂ ਢਿੱਲਾ ਛੱਡਿਆ ਜਾਂਦਾ ਹੈ। ਕਾਟੋ ਨੂੰ ਖ਼ੂਬਸੂਰਤ ਬਣਾਉਣ ਲਈ ਕਈ ਲੋਕੀ ਇਸ ਨੂੰ ਰੰਗ ਲੈਂਦੇ ਹਨ। ਗਲੇ ਵਿੱਚ ਰਿਬਨ ਅਤੇ ਪੂਛ ਨੂੰ ਨਿੱਕੇ ਨਿੱਕੇ ਘੁੰਘਰੂ ਬੰਨ੍ਹ ਦਿੱਤੇ ਜਾਂਦੇ ਹਨ। ਜਦੋਂ ਰੱਸੀ ਖਿੱਚੀ ਜਾਂ ਢਿੱਲੀ ਕੀਤੀ ਜਾਂਦੀ ਹੈ ਤਾਂ ਲੱਕੜੀ ਦੀ ਬਣੀ ਹੋਈ ਕਾਟੋ ਕਦੀ ਉਪਰ ਅਤੇ ਕਦੀ ਹੇਠਾਂ ਘੁੰਘਰੂਆਂ ਦੀ ਤਾਲ ਉੱਤੇ ਟੱਪਦੀ ਫਿਰਦੀ ਹੈ ਜਿਹੜੀ ਕਿ ਵੇਖਣ ਵਿੱਚ ਬਹੁਤ ਚੰਗੀ ਲਗਦੀ ਹੈ। ☬




ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ ਪਰ ਕਿਸੇ ਮਜਬੂਰੀ ਕਾਰਨ ਚੰਦਾ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ।
ਅਸੀਂ ਤੁਹਾਨੂੰ ਇੱਕ ਸਾਲ ਲਈ 'ਅੰਮ੍ਰਿਤ ਕੀਰਤਨ' ਮੁਫਤ ਭੇਜਦੇ ਰਹਾਂਗੇ।

• • •

ਚਿੱਠੀ ਪੱਤਰ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ।
ਇਸ ਤੋਂ ਬਿਨ੍ਹਾਂ ਕੋਈ ਕਾਰਵਾਈ ਨਹੀਂ ਹੋ ਸਕਦੀ।
ਅੰਮ੍ਰਿਤ ਕੀਰਤਨ ਟ੍ਰਸਟ, 422 ਸੈਕਟਰ 15-ਏ, ਚੰਡੀਗੜ੍ਹ।

# ਪੁਸਤਕ ਸਮੀਖਿਆ

## ਰੀਵੀਊਕਾਰ : ਡਾ. ਗੁਰਮੀਤ ਸਿੰਘ ਬੈਦਵਾਣ ★

**ਪੁਸਤਕ : ਉਸਾਰੂ ਸਾਹਿਤ ਅਤੇ ਨਵੀਂ ਪੀੜ੍ਹੀ** **ਲੇਖਕ : ਡਾ. ਜਾਗੀਰ ਸਿੰਘ ਨੂਰ**

ਪੰਨੇ : 80 ਕੀਮਤ : 100 ਰੁਪਏ

ਪ੍ਰਕਾਸ਼ਕ : ਪੰਜਾਬੀ ਸਾਹਿਤ ਅਤੇ ਸਭਿਆਚਾਰ ਸਦਨ, ਫਗਵਾੜਾ।

ਡਾ. ਜਾਗੀਰ ਸਿੰਘ ਨੂਰ ਪ੍ਰਤਿਭਾਸੀਲ ਲੇਖਕ ਤੇ ਨਿਬੰਧਕਾਰ ਹਨ। ਉਹਨਾਂ ਨੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਤੇ ਆਲੋਚਨਾਤਮਿਕ ਦ੍ਰਿਸ਼ਟੀ ਤੋਂ ਲਗਭਗ ਅੱਧੀ ਦਰਜਨ ਪੁਸਤਕਾਂ ਪੰਜਾਬੀ ਸਾਹਿਤ ਦੀ ਭੇਟਾ ਕੀਤੀਆਂ ਹਨ। ਪਿਛਲੀਆਂ ਪੁਸਤਕਾਂ ਨੂੰ ਮਿਲੇ ਭਰਪੂਰ ਹੁੰਗਾਰੇ ਨੂੰ ਵੇਖਦਿਆਂ ਉਹਨਾਂ ਨੇ ਪੰਜਾਬੀ ਸਭਿਆਚਾਰ ਦੇ ਵੱਖ-ਵੱਖ ਪਹਿਲੂਆਂ ਤੇ ਪੜਚੋਲ ਆਰੰਭੀ ਹੋਈ ਹੈ। ਹਥਲੀ ਪੁਸਤਕ 'ਉਸਾਰੂ ਸਾਹਿਤ ਅਤੇ ਨਵੀਂ ਪੀੜ੍ਹੀ' ਸਾਹਿਤ ਅਤੇ ਸਭਿਆਚਾਰ ਵਿੱਚ ਨਰੋਈਆਂ ਕਦਰਾਂ ਕੀਮਤਾਂ ਦੀ ਤਰਜ਼ਮਾਨੀ ਕਰਦੀ ਹੈ।

ਪੁਸਤਕ ਵਿੱਚ ਲੇਖਕ ਨੇ ਉਸਾਰੂ ਸਾਹਿਤ, ਉਸਾਰੂ ਸ਼ਖਸੀਅਤਾਂ ਅਤੇ ਪੰਜਾਬੀ ਮਨਾਂ ਦਾ ਚਾਅ ਤੇ ਮਲ੍ਹਾਰ ਪ੍ਰਸਤੁੱਤ ਕੀਤਾ ਹੈ। ਲੇਖਕ ਨੇ ਇਹਨਾਂ ਨਿਬੰਧਾਂ ਰਾਹੀਂ ਸਮੇਂ ਦੀ ਚਾਲ ਨੂੰ ਪਹਿਚਾਣਦਿਆਂ ਨਵੇਂ ਪੈਦਾ ਹੋਏ ਪ੍ਰਤਿਮਾਨਾਂ ਪ੍ਰਤੀ ਚੇਤਨਾਂ ਪੈਦਾ ਕਰਨ ਦਾ ਯਤਨ ਕੀਤਾ ਹੈ। ਲੇਖਕ ਦਾ ਕਹਿਣਾ ਹੈ ਕਿ ਜਿੱਥੇ ਵਿਰਸੇ ਪ੍ਰਤੀ ਜਾਗਰੂਕਤਾ ਦੀ ਲੋੜ ਹੈ ਉੱਥੇ ਭਵਿੱਖਮੁਖੀ ਦ੍ਰਿਸ਼ਟੀ ਵੀ ਜਿੰਦਗੀ ਤੇ ਤਰਜ਼ੇ-ਅਮਲ ਦਾ ਮਹੱਤਵਪੂਰਨ ਅੰਗ ਹੈ। ਪੁਸਤਕ ਵਿੱਚ ਸਥਾਪਤ ਕੀਤੇ ਵੱਖ-ਵੱਖ ਪ੍ਰਤਿਮਾਨਾਂ ਦੀ ਵਿਆਖਿਆ ਲਈ ਸਭਿਆਚਾਰਿਕ, ਸਮਾਜਿਕ, ਆਰਥਿਕ, ਧਾਰਮਿਕ, ਇਤਿਹਾਸਿਕ ਅਤੇ ਦੇਸ਼ ਭਗਤੀ ਦੇ ਵਿਸ਼ਿਆਂ ਰਾਹੀਂ ਖੁੱਲ੍ਹੀ ਪੜਚੋਲ ਹੋਈ ਮਿਲਦੀ ਹੈ।

'ਤਕਦੀਰ ਦਾ ਸਿਰਜਣਾ' ਨਿਬੰਧ ਵਿੱਚ ਲੇਖਕ ਦੱਸਦਾ ਹੈ ਕਿ ਮਨੁੱਖ ਦੀ ਤਕਦੀਰ ਉਸ ਦੇ ਆਪਣੇ ਹੱਥ ਹੈ, ਮਨੁੱਖੀ ਮਨੋਬਲ ਦਾ ਉੱਚਾ ਹੋਣਾ ਅਤੇ ਨਿਸ਼ਾਨਿਆਂ ਪ੍ਰਤੀ ਸਿਰੜ ਦੀ ਲੋੜ ਸੁਹਣੀ ਤਕਦੀਰ ਦੇ ਘੜਨ ਵਿੱਚ ਸਹਾਈ ਹੁੰਦੀਆਂ ਹਨ। ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਹਵਾਲੇ ਨਾਲ ਲੇਖਕ ਕਹਿੰਦਾ ਹੈ ਕਿ ਮਿਹਰਾਂ, ਬਖਸ਼ਿਸ਼ਾਂ, ਅਸ਼ੀਰਵਾਦ ਆਦਿ ਵੀ ਉਨ੍ਹਾਂ ਲੋਕਾਂ ਨੂੰ ਫਲ ਦਿੰਦੇ ਹਨ ਜਿਹਨਾਂ ਦੇ ਹੱਥਾਂ ਵਿੱਚ ਕੁਝ ਕਰ ਗੁਜ਼ਰਨ ਦੀ ਸ਼ਕਤੀ ਹੈ। ਇਸ ਸਬੰਧੀ ਇੱਕ ਕਹਾਵਤ ਵੀ ਹੈ ਕਿ ਪ੍ਰਮਾਤਮਾ ਉਹਨਾਂ ਦੀ ਮਦਦ ਕਰਦਾ ਹੈ ਜਿਹੜੇ ਆਪਣੀ ਆਪ ਕਰਦੇ ਹਨ। ਜਿੰਦਗੀ ਪ੍ਰਤੀ ਐਸਾ ਨਜ਼ਰੀਆ ਬਣ ਜਾਵੇ, ਹਰ ਕੋਈ ਆਪਣਾ ਕੰਮ ਆਪ ਕਰਨ ਲਗ ਪਵੇ ਤਾਂ ਸਵਰਗ ਇਸੇ ਧਰਤੀ ਤੇ ਆ ਜਾਵੇਗਾ।

'ਉਸਾਰੂ ਸਾਹਿਤ' ਅਤੇ ਨਵੀਂ ਪੀੜ੍ਹੀ ਦੇ ਨਿਬੰਧ ਰਾਹੀਂ (ਜੋ ਕਿ ਪੁਸਤਕ ਦਾ ਟਾਇਟਲ ਵੀ ਹੈ) ਲੇਖਕ ਨੇ ਸੰਸਾਰ ਦੀਆਂ ਮਹਾਨ ਸ਼ਖਸੀਅਤਾਂ, ਮਹਾਨ ਸਾਹਿਤ ਪ੍ਰਤੀ ਚਾਨਣਾ ਪਾਇਆ ਹੈ। ਚੰਗੇ ਤੇ ਉਸਾਰੂ ਸਾਹਿਤ ਦੇ ਗੁਣਾਂ ਨੂੰ ਦਰਸਾਉਂਦੇ ਹੋਏ ਲੇਖਕ ਇਸਦੇ ਗੰਭੀਰ ਅਧਿਐਨ ਦੀ ਮੰਗ ਕਰਦਾ ਹੈ। ਚਿੰਤਾ ਇਸ ਗੱਲ ਦੀ ਹੈ ਕਿ ਨਵੀਂ ਪੀੜ੍ਹੀ ਇਸ ਤੋਂ ਲਾਂਭੇ ਜਾ ਰਹੀ ਹੈ। ਇਹ ਠੀਕ ਹੈ ਕਿ ਨਵੀਂ ਪੀੜ੍ਹੀ ਨੂੰ ਉਸਾਰੂ ਸਾਹਿਤ ਪੜ੍ਹਨ ਲਈ ਅਪੀਲ ਕੀਤੀ ਹੈ ਪਰ ਉਸਾਰੂ ਸਾਹਿਤ ਅਤੇ ਨਵੀਂ ਪੀੜ੍ਹੀ ਵਿੱਚ ਅੰਤਰ ਸੰਬੰਧਤਾ ਨਹੀਂ ਦਰਸਾਈ। ਨਿਬੰਧ ਵਿੱਚ ਪੁਸਤਕ ਦੇ ਨਾਂ ਦੀ ਭਾਵਨਾ ਅਨੁਸਾਰ ਰੌਚਿਕ ਵਿਚਾਰਾਂ ਦੀ ਘਾਟ ਰੜਕਦੀ ਹੈ।

'ਹੋਵੇ ਏਕ ਹੋਵੇ ਨੇਕ' ਅਤੇ 'ਵਧਦੀ ਅਬਾਦੀ' ਵਾਲੇ ਦੋਵੇਂ ਨਿਬੰਧਾਂ ਦਾ ਵਿਸ਼ਾ ਇੱਕੋ ਹੈ। ਸਿਹਤ ਵਿਭਾਗ ਵਾਲਿਆਂ ਦੀ ਤਰਜ਼ ਤੇ ਲੇਖਕ ਦਾ ਇਸ਼ਾਰਾ ਆਬਾਦੀ ਘਟਾਉਣ ਵੱਲ ਹੈ। ਬੱਚਿਆਂ ਨੂੰ ਘਰਾਂ ਵਿੱਚ ਚੰਗੀਆਂ ਆਦਤਾਂ ਪਾਉਣੀਆਂ, ਉਹਨਾਂ ਨੂੰ ਨੇਕ ਦਿਲ ਇਨਸਾਨ ਬਣਾਉਣ ਲਈ ਮਾਪਿਆਂ ਨੂੰ ਸੁਚੇਤ ਕਰਨ ਲਈ ਲੇਖਕ ਵਧਾਈ ਦਾ ਹੱਕਦਾਰ ਹੈ। 'ਪੰਜਾਬੀ ਲੋਰੀਆਂ', 'ਛਪਾਰ ਦਾ ਮੇਲਾ', 'ਕਿੱਕਲੀ ਕਲੀਰ ਦੀ' ਆਦਿ ਨਿਬੰਧ ਪੰਜਾਬੀਅਤ ਦੇ ਪ੍ਰਤੀਕ ਹਨ। ਬੱਚਿਆਂ ਅਤੇ ਵੱਡਿਆਂ ਪ੍ਰਤੀ ਪ੍ਰੇਮ ਪਿਆਰ, ਮਾਣ ਸਤਿਕਾਰ ਅਤੇ ਸਾਂਝੀਵਾਲਤਾ ਜੋ ਮਨੁੱਖੀ ਖੁਸ਼ਹਾਲੀ ਦਾ ਅਧਾਰ ਹੈ ਨੂੰ ਇਹਨਾਂ ਨਿਬੰਧਾਂ ਵਿੱਚ ਦਰਸਾਇਆ ਗਿਆ ਹੈ। ਉਸਾਰੂ ਸਖਸੀਅਤਾਂ ਵਿੱਚ ਬੇਬੇ ਨਾਨਕੀ, ਗੁਰੂ ਤੇਗ ਬਹਾਦਰ,

★ ਪਿੰਡ ਬਾਸੀਆਂ ਬੈਦਵਾਣ, ਡਾ. ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ

ਸੁਭਾਸ਼ ਚੰਦਰ ਬੋਸ, ਰਾਬਿੰਦਰ ਨਾਥ ਟੈਗੋਰ ਅਤੇ ਨਾਨਕ ਸਿੰਘ ਆਦਿ ਬਾਰੇ ਚਾਨਣਾ ਪਾਇਆ ਗਿਆ ਹੈ। ਉਸਾਰੂ ਕਦਰਾਂ ਕੀਮਤਾਂ, ਉਸਾਰੂ ਸਾਹਿਤ ਅਤੇ ਉਸਾਰੂ ਸੋਚ ਵਾਲੇ ਅਜਾਦੀ ਸੰਗਰਾਮੀਆਂ ਬਾਰੇ ਵਿਚਾਰ ਵਿਮਰਸ਼ ਪੁਸਤਕ ਦੀ ਸੋਚ ਨੂੰ ਚਾਰ ਚੰਨ ਲਾ ਗਿਆ ਹੈ। 'ਚਿਮਪੈਂਜੀ' ਵਾਲਾ ਨਿਬੰਧ ਜੀਵ ਵਿਗਿਆਨ ਨਾਲ ਸਬੰਧਤ ਵਿਸ਼ਾ ਹੈ ਜੋ ਪੁਸਤਕ ਦੇ ਘੇਰੇ ਵਿੱਚ ਨਹੀਂ ਆਉਂਦਾ।

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਡਾ. ਜਾਗੀਰ ਸਿੰਘ ਨੂਰ ਨੇ ਨਵੀਂ ਪੀੜ੍ਹੀ ਪ੍ਰਤੀ ਜਿਹੜੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ ਉਹ ਚਿੰਤਾ ਸਾਡੀ ਸਾਰਿਆਂ ਦੀ ਚਿੰਤਾ ਹੋਣੀ ਚਾਹੀਦੀ ਹੈ। ਡਾ. ਸਾਹਿਬ ਨੇ ਇਸ ਪਾਸੇ ਵੱਲ ਮੁਬਾਰਕ ਕਦਮ ਚੁੱਕਿਆ ਹੈ। ਪੁਸਤਕ ਜਿੱਥੇ ਨਵੀਂ ਪੀੜ੍ਹੀ ਲਈ ਨਵਾਂ ਸੁਨੇਹਾ ਹੈ ਉੱਥੇ ਇਸ ਦੀ ਬੁੱਕਲ ਵਿੱਚ ਭਵਿੱਖ ਦੇ ਸੂਰਜ ਦਾ ਪ੍ਰਕਾਸ਼ ਵੀ ਬਿਰਾਜਮਾਨ ਹੈ।

WE'RE #1 MUSICAL STORE IN CHANDIGARH
SIMLA MUSICAL STORE
SCF 2, SECTOR 27-C,
CHANDIGRAH - 160 019
(0172) - 650759

With compliments from
R.P. Singh
DIRECTOR
ON WHEEL TRAVELS (P) LTD.
SCF: 8, Second Floor
Sector: 11-D, Chandigarh
Tel: 544176, 546766 Fax: 0172 - 544176

PUNJAB & SIND BANK
Branch : Sector 22-B, Chandigarh - 160 022
Phone: 714036, 705359

With compliments from
B.S. Baweja
Senior Mnanger
Resi.: # 149, Sector 36-A, Chandigarh
Phone: 646604, 604419

# ਸੇਵਕਸ ਚੈਰੀਟੇਬਲ ਟਰੱਸਟ (ਰਜਿ.)

ਐਸ ਸੀ ਓ: 1104-05, ਸੈਕਟਰ 22-ਬੀ, ਚੰਡੀਗੜ੍ਹ

ਸੇਵਕਾਂ ਦੀ ਇਹ ਸੰਸਥਾ ਪਿਛਲੇ ਪੰਜ ਸਾਲਾਂ ਤੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ :

*ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ॥*

ਦੇ ਹੁਕਮ ਅਨੁਸਾਰ, ਪਛੜੇ ਹੋਏ ਇਲਾਕਿਆਂ ਵਿੱਚ ਬਿਨਾਂ ਕਿਸੇ ਰੰਗ, ਵਰਣ, ਜਾਤੀ ਜਾਂ ਕਿਸੇ ਹੋਰ ਵਿਤਕਰੇ ਦੇ, ਲੋੜਵੰਦਾਂ ਨੂੰ ਧਾਰਮਿਕ, ਡਾਕਟਰੀ, ਵਿਦਿਅਕ ਅਤੇ ਸਮਾਜਕ ਸਹਾਇਤਾ ਪ੍ਰਦਾਨ ਕਰ ਰਹੀ ਹੈ, ਜੋ ਕਿ ਕੁਝ ਇਸ ਪ੍ਰਕਾਰ ਹਨ :

**ਧਾਰਮਿਕ ਸੇਵਾਵਾਂ :**

* ਲੜੀਵਾਰ, ਮਹੀਨੇ ਦੇ ਪਹਿਲੇ ਐਤਵਾਰ ਕੀਰਤਨ ਸਮਾਗਮ ਹੁੰਦੇ ਹਨ, ਜਿਨ੍ਹਾਂ ਵਿੱਚ ਨਿਰੋਲ ਗੁਰਬਾਣੀ ਦੀ ਕੀਰਤਨ, ਨਾਮ-ਸਿਮਰਨ ਅਤੇ ਗੁਰਬਾਣੀ ਵਿਚਾਰ ਇਤਿਆਦ ਹੁੰਦੇ ਹਨ ਜਿਸ ਕਿਸੇ ਪੇਡ (paid) ਪ੍ਰੋਫੈਸ਼ਨਲ ਦੀ ਸੇਵਾ ਨਹੀਂ ਲਈ ਜਾਂਦੀ। ਸਭ ਕੁਝ ਸਾਧ-ਸੰਗਤ ਆਪ ਹੀ ਕਰਦੀ ਹੈ। ਕਿਸੇ ਵਲੋਂ ਵਿਸ਼ੇਸ਼ ਅਵਸਰ ਤੇ ਬੇਨਤੀ ਕੀਤੇ ਜਾਣ ਤੇ ਹੋਰ ਕਿਸੇ ਦਿਨ ਵਧੀਕ ਸਮਾਗਮ ਵੀ ਕੀਤੇ ਜਾਂਦੇ ਹਨ।

* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਵੇਂ ਸਰੂਪਾਂ ਦੀ ਸੇਵਾ, ਬਿਰਧ ਸਰੂਪਾਂ ਨੂੰ ਬਦਲਣ ਦੀ ਸੇਵਾ, ਪੁਰਾਣੇ ਸਰੂਪਾਂ ਨੂੰ ਠੀਕ ਕਰਨ ਦੀ ਸੇਵਾ, ਗੁਰਦੁਆਰਾ ਸਾਹਿਬ ਤੋਂ ਲਿਆਉਣ ਅਤੇ ਵਾਪਸ ਪਹੁੰਚਾਉਣ ਦੀ ਸੇਵਾ ਵੀ ਕੀਤੀ ਜਾਂਦੀ ਹੈ। ਇਸ ਸੇਵਾ ਵਾਸਤੇ ਇੱਕ ਸਪੈਸ਼ਲ ਮਾਰੂਤੀ ਓਮਨੀ ਵੈਨ ਲੋੜੀਂਦੀਆਂ ਤਬਦੀਲੀਆਂ ਕਰਵਾ ਕੇ ਬਣਵਾਈ ਗਈ ਹੈ।

* ਪਿੰਡਾਂ ਵਿੱਚ ਪਤਿਤਪੁਣੇ ਅਤੇ ਨਸ਼ਿਆਂ ਦੀ ਵਰਤੋਂ ਨੂੰ ਰੋਕਣ ਲਈ ਧਾਰਮਿਕ ਲਾਇਬ੍ਰੇਰੀਆਂ ਖੋਲ੍ਹੀਆਂ ਜਾਂਦੀਆਂ ਹਨ।

**ਡਾਕਟਰੀ ਸੇਵਾਵਾਂ :**

* ਸੰਸਥਾ ਦੇ ਦੋ ਮੈਡੀਕਲ ਸੈਂਟਰ ਹਨ, ਜਿਨ੍ਹਾਂ ਵਿੱਚ ਹਰ ਹਫ਼ਤੇ ਨਿਯਮਿਤ ਤੌਰ 'ਤੇ ਡਾਕਟਰੀ ਕੈਂਪ ਲਗਾਏ ਜਾਂਦੇ ਹਨ।

* ਇੱਕ ਮੈਡੀਕਲ ਸੈਂਟਰ ਵਿੱਚ ਲੈਬਾਰੇਟਰੀ ਹੈ ਅਤੇ ਦੂਸਰੇ ਸੈਂਟਰ ਵਿੱਚ ਲੈਬਾਰੇਟਰੀ ਖੋਲ੍ਹਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

* ਅੱਖਾਂ ਦੇ ਮੋਤੀਏ ਅਤੇ ਲੈਂਜ਼ (I.O.L.) ਵਾਲੇ ਓਪਰੇਸ਼ਨ ਵੀ ਕਰਵਾਏ ਜਾਂਦੇ ਹਨ।

* ਇਸ ਤੋਂ ਛੁੱਟ, ਐਡਵਾਂਸ ਇਨਵੈਸਟੀਗੇਸ਼ਨਜ਼ (Advanced Investigations) ਅਤੇ ਸਪੈਸ਼ਲਿਸਟਸ (Specialists) ਸੇਵਾਵਾਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।

* ਓਪਰੇਸ਼ਨ (Operation) ਅਤੇ ਟਰਾਂਸਪਲਾਟ (Transplant) ਦੇ ਮਰੀਜ਼ਾਂ ਨੂੰ ਲੋੜੀਂਦੀ ਸਹਾਇਤਾ ਦਿੱਤੀ ਜਾਂਦੀ ਹੈ।

* 24 ਘੰਟੇ ਦੀ ਐਕਸੀਡੈਂਟਲ (Accidental) ਅਤੇ ਗ਼ਰੀਬ ਲਈ ਫ਼ਰੀ ਐਂਬੂਲੈਂਸ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। Phone: 98140-17102; Pager: 9610-102.

**ਵਿਦਿਅਕ ਸੇਵਾਵਾਂ :**

* ਹਰ ਸਾਲ ਮੋਰਨੀ ਇਲਾਕੇ (ਹਰਿਆਣੇ ਦਾ ਪਛੜਿਆ ਹੋਇਆ ਇੱਕ ਪਹਾੜੀ ਇਲਾਕਾ) ਦੇ

ਕੁੱਲ 13 ਸਕੂਲਾਂ ਦੇ ਪੰਜਵੀਂ ਜਮਾਤ ਤੋਂ 10+2 ਜਮਾਤ ਤਕ, J.B.T. ਅਤੇ Vocational Training Centre, ਦੇ ਫ਼ਸਟ ਅਤੇ ਸੈਕਿੰਡ ਆਉਣ ਵਾਲੇ ਵਿਦਿਆਰਥੀਆਂ ਨੂੰ Merit Certificates ਅਤੇ Cash Awards ਦਿੱਤੇ ਜਾਂਦੇ ਹਨ।

* ਹਰ ਸਾਲ ਮੈਡੀਕਲ ਸਾਇੰਸ (Medical Science) ਵਿੱਚ ਮੈਡੀਸਨ (Medicine) ਅਤੇ ਇੰਜੀਨਿਅਰਿੰਗ (Engineering) ਵਿੱਚ ਮਕੈਨੀਕਲ (Mechanical) ਦੇ ਫ਼ਸਟ (First) ਆਉਣ ਵਾਲੇ ਵਿਦਿਆਰਥੀਆਂ ਨੂੰ ਨਕਦ ਇਨਾਮ (Cash Awards) ਦਿੱਤੇ ਜਾਂਦੇ ਹਨ।

**ਸਮਾਜਿਕ ਸੇਵਾਵਾਂ :**

* ਕੁਝ ਯਤੀਮਾਂ, ਹੈਂਡੀਕੈਪਡ ਵਿਦਿਆਂਰਥੀਆਂ, ਗ਼ਰੀਬ ਘਰਾਂ ਦੀਆਂ ਵਿਦਿਆਰਥਣਾਂ ਅਤੇ ਬਜ਼ੁਰਗਾਂ ਨੂੰ ਮਾਸਿਕ ਸਹਾਇਤਾ ਵੀ ਦਿੱਤੀ ਜਾਦੀ ਹੈ।

* ਲੋੜਵੰਦਾਂ ਨੂੰ ਇੱਕਠੇ ਕੀਤੇ ਗਏ ਕੱਪੜੇ, ਨਵੀਆਂ ਚੱਪਲਾਂ ਅਤੇ ਮੌਸਮ ਅਨੁਸਾਰ ਕੰਬਲ ਵੀ ਵੰਡੇ ਜਾਂਦੇ ਹਨ।

* ਪਰਿਵਾਰ ਨਿਯੋਜਨ (Family Planning) ਸਬੰਧੀ ਆਮ ਵਾਕਫੀ ਦਿੱਤੀ ਜਾਂਦੀ ਹੈ।

* ਲੋਕਾਂ ਨੂੰ ਸਿਗਰਟ-ਬੀੜੀ ਪੀਣ, ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਤੋਂ ਰੋਕਣ ਹਿੱਤ ਕਾਰਵਾਈ ਕੀਤੀ ਜਾਂਦੀ ਹੈ।

* ਬੱਚੀਆਂ ਲਈ ਇੱਕ ਸਿਲਾਈ-ਕਢਾਈ ਅਤੇ ਬੁਣਾਈ ਸੈਂਟਰ ਵੀ ਚਲਾਇਆ ਜਾ ਰਿਹਾ ਹੈ ਅਤੇ ਇੱਕ ਹੋਰ ਸੈਂਟਰ ਖੋਲ੍ਹਣ ਲਈ ਯਤਨ ਕੀਤੇ ਜਾ ਰਹੇ ਹਨ।

* ਪ੍ਰਾਕ੍ਰਿਤਿਕ ਆਫ਼ਤਾਂ (Natural Calamities) ਜਿਵੇਂ ਯੂ.ਪੀ. ਵਿੱਚ ਪਿੱਛੇ ਜਿਹੇ ਆਏ ਭੂਚਾਲ ਅਤੇ ਕੌਮੀ ਸੰਕਟ (National Crisis) ਜਿਵੇਂ ਕਾਰਗਿਲ ਸੰਕਟ ਇਤਿਆਦ ਲਈ ਵੀ ਸਹਾਇਤਾ ਪ੍ਰਦਾਨ ਕਰਨ ਦੇ ਉਪਰਾਲੇ ਕੀਤੇ ਜਾਂਦੇ ਹਨ।

ਇਹ ਸਾਰੇ ਕਾਰਜ ਵਾਹਿਗੁਰੂ ਜੀ ਦੀ ਬਖ਼ਸ਼ਿਸ਼ ਅਤੇ ਗੁਰਮੁਖ ਪਿਆਰਿਆਂ ਦੇ ਸਹਿਯੋਗ ਨਾਲ ਹੀ ਚਲ ਰਹੇ ਹਨ। ਜਿਵੇਂ ਕਿ ਗੁਰਵਾਕ ਹੈ :

*"ਗਰੀਬ ਦਾ ਮੂੰਹ, ਗੁਰੂ ਕੀ ਗੋਲਕ॥"*

ਆਓ ਅਸੀਂ ਵੱਧ ਤੋਂ ਵੱਧ ਇਸ ਸੰਸਥਾਂ ਦੀ ਮਦਦ ਕਰੀਏ। ਆਪ ਜੀ ਸ਼ਰਧਾ ਅਨੁਸਾਰ ਕੁਛ ਮਾਇਕ ਸੇਵਾ ਦੇ ਕੇ ਇਸ ਸੰਸਥਾ ਦੇ ਰੈਗੂਲਰ ਮੈਂਬਰ ਵੀ ਬਣ ਸਕਦੇ ਹੋ, ਜੋ ਕਿ ਆਪ ਦੀ ਸੁਵਿਧਾ ਅਨੁਸਾਰ ਮਹੀਨੇਵਾਰ, ਤਿਮਾਹੀ ਜਾਂ ਸਾਲਾਨਾ ਤੌਰ ਤੇ ਭੇਜ ਸਕਦੇ ਹੋ, ਜਾਂ ਸੰਸਥਾ ਦੇ ਪਾਸ ਇਸ ਨੂੰ collect ਕਰਨ ਦਾ ਇੰਤਜ਼ਾਮ ਵੀ ਹੈ। ਆਪ ਜੀ ਖੁਦ ਵੀ ਮੈਂਬਰ ਬਣੋ, ਪਰਿਵਾਰ ਦੇ ਹੋਰ ਜੀਆਂ ਅਤੇ ਸੱਜਣਾਂ-ਮਿੱਤਰਾਂ ਨੂੰ ਵੀ ਮੈਂਬਰ ਬਣਾਓ।

ਇਨਕਮ ਟੈਕਸ ਤੋਂ ਛੋਟ : ਆਪ ਜੀ ਦੁਆਰਾ ਦਿੱਤੀ ਗਈ ਸਹਾਇਤਾ ਤੇ ਇਨਕਮ ਟੈਕਸ ਤੋਂ ਛੋਟ ਵੀ ਹੈ।

ਵਾਹਿਗੁਰੂ ਜੀ ਆਪ ਦੀਆਂ ਮਨੋ-ਕਾਮਨਾਵਾਂ ਪੂਰੀਆਂ ਕਰਨ।

**ਸੇਵਾਦਾਰ**


*ਕਿਰਪਾਲ ਸਿੰਘ ਚੁੱਘ*
Ph: Off. 701238
Resi: 606033, 609717

*ਦਵਿੰਦਰ ਸਿੰਘ ਅਰੋੜਾ*
Ph: Off. 701238
Resi: 612412

*ਹਰਭਜਨ ਸਿੰਘ ਚੋਪੜਾ*
Ph: Off. 713915, 701396
Resi: 678064, 220474

# "ALP - THE MARK OF QUALITY"

## A joint venture with Nishikawa Rubber Company of Japan

*( World leading company in EPDM weatherstrips )*



## QUALITY SEALS FOR GLOBAL MARKET

Manufacturers of specialised EPDM rubber, sponge and flock products for the automotive original equipment and building markets

### UNDER THE BRAND NAME OF ALP, WE MANUFACTURE

- Flocked / PU Coated Glass Run Channels
- Celluar Profiles with Nylon Inserts
- PVC Trims
- Bus Body Building Profiles
- Windshield Rubber
- Co-extruded Profiles / Trims
- PVC Sponge Seals
- Building Profiles

**The profiles comply with the most advanced international standards. Some of our esteemed customers are GM, Toyota, Lancer Mitsubishi, Honda Daewoo, Suzuki, Telco.**

ALP

## ANAND NISHIKAWA COMPANY LIMITED

**An ISO 9002 Company**

C - 10, Sector: 1, NOIDA (U.P.)

**Phone : 0118 - 556528**

email : anco.lalru@rmc.sprint.rpg.ems.vsnl.net.in

Visit us at : htto://www.indianauto.com/alp

# ਗੁਰਬਾਣੀ ਦਰਸ਼ਨ

ਜਸਬੀਰ ਕੌਰ, ਪ੍ਰਿੰਸੀਪਲ ਸਤਿਬੀਰ ਸਿੰਘ

ਜੋ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ ਉਸਦੇ ਛਾਪੇ ਦੇ ਪੰਨੇ ੧੪੩੦ ਹਨ ਅਤੇ ੩੬ ਮਹਾਂਪੁਰਸ਼ਾਂ ਦੀ ਬਾਣੀ ਇਸ ਵਿੱਚ ਦਰਜ ਹੈ। ਸ਼ਬਦਾਂ, ਸਲੋਕਾਂ, ਛੰਦਾਂ, ਪਉੜੀਆਂ ਦਾ ਵੇਰਵਾ ਬਾਣੀਕਾਰ ਅਨੁਸਾਰ ਇਸ ਪ੍ਰਕਾਰ ਹੈ:

### ਗੁਰੂ ਵਿਅਕਤੀ ਦਾ ਨਾਮ ਸ਼ਬਦ

| | | | |
|---|---|---|---|
| ਗੁਰੂ ਨਾਨਕ ਦੇਵ ਜੀ (ਮਹਲਾ ਪਹਿਲਾ) | - | ੯੭੬ | (ਸਲੋਕਾਂ ਸਮੇਤ) |
| ਗੁਰੂ ਅੰਗਦ ਦੇਵ ਜੀ (ਮਹਲਾ ਦੂਜਾ) | - | ੬੧ | (ਨਿਰੇ ਸਲੋਕ) |
| ਗੁਰੂ ਅਮਰਦਾਸ ਜੀ (ਮਹਲਾ ਤੀਜਾ) | - | ੯੦੧ | |
| ਗੁਰੂ ਰਾਮਦਾਸ ਜੀ (ਮਹਲਾ ਚੌਥਾ) | - | ੬੭੯ | |
| ਗੁਰੂ ਅਰਜਨ ਦੇਵ ਜੀ (ਮਹਲਾ ਪੰਜਵਾਂ) | - | ੨੨੧੬ | |
| ਗੁਰੂ ਤੇਗ ਬਹਾਦਰ ਜੀ (ਮਹਲਾ ਨੌਵਾਂ) | - | ੧੧੬ | (ਜਿਸ ਵਿੱਚ ੫੭ ਸਲੋਕ ਸ਼ਾਮਿਲ ਹਨ) |
| ਕੁਲ ਜੋੜ | - | ੪੯੪੯ | |

### ਭਗਤ ਬਾਣੀ, ਭੱਟਾਂ ਅਤੇ ਸਿੱਖਾਂ ਦੀ ਬਾਣੀ ਦਾ ਵੇਰਵਾ :

| | | |
|---|---|---|
| ਭਗਤ ਕਬੀਰ ਜੀ | - | ੫੪੦ |
| ਭਗਤ ਤ੍ਰਿਲੋਚਨ ਜੀ | - | ੪ |
| ਭਗਤ ਬੇਣੀ ਜੀ | - | ੩ |
| ਭਗਤ ਰਵਿਦਾਸ ਜੀ | - | ੪੧ |
| ਭਗਤ ਨਾਮਦੇਵ ਜੀ | - | ੬੦ |
| ਭਗਤ ਧੰਨਾ ਜੀ | - | ੪ |
| ਭਗਤ ਫ਼ਰੀਦ ਜੀ | - | ੧੨੨ |
| ਭਗਤ ਜੈਦੇਵ ਜੀ | - | ੨ |
| ਭਗਤ ਭੀਖਨ ਜੀ | - | ੨ |
| ਭਗਤ ਸੈਣ ਜੀ | - | ੧ |
| ਭਗਤ ਪੀਪਾ ਜੀ | - | ੧ |
| ਭਗਤ ਸਧਨਾ ਜੀ | - | ੧ |
| ਭਗਤ ਰਾਮਾਨੰਦ ਜੀ | - | ੧ |
| ਭਗਤ ਪਰਮਾਨੰਦ ਜੀ | - | ੧ |
| ਭਗਤ ਸੂਰਦਾਸ ਜੀ | - | ੧ |
| ਕੁਲ ਜੋੜ | - | ੭੮੪ |

| | | |
|---|---|---|
| ਬਾਬਾ ਸੁੰਦਰ ਜੀ | - | ੬ |
| ਸੱਤਾ ਤੇ ਬਲਵੰਡ ਜੀ | - | ੮ (ਕੇਵਲ ਪਉੜੀਆਂ) |
| ਭਾਈ ਮਰਦਾਨਾ ਜੀ | - | ੩ |
| ਕੁਲ ਜੋੜ | - | ੧੭ |

| | | |
|---|---|---|
| ਭੱਟ ਕਲਸਹਾਰ | - | ੫੪ |
| ਭੱਟ ਜਾਲਪ | - | ੫ |
| ਭੱਟ ਕੀਰਤ | - | ੮ |
| ਭੱਟ ਭਿੱਖਾ | - | ੨ |
| ਭੱਟ ਸਲ | - | ੩ |
| ਭੱਟ ਨਲ | - | ੧੬ |
| ਭੱਟ ਭਲ | - | ੧ |
| ਭੱਟ ਗਯੰਦ | - | ੧੩ |
| ਭੱਟ ਮਥੁਰਾ | - | ੧੪ |
| ਭੱਟ ਬਲ੍ਹ | - | ੫ |
| ਭੱਟ ਹਰਬੰਸ | - | ੨ |
| ਕੁਲ ਜੋੜ | - | ੧੨੩ |

**ਕੁਲ ਬਾਣੀ ਦਾ ਜੋੜ - ੫੭੬੩**

ਵਿਸਮਾਦੁ ਨਾਦ, ਲੁਧਿਆਣਾ ਦੀ ਪੁਸਤਕ 'ਤੂੰ ਸਾਝਾ ਸਾਹਿਬ ਬਾਪੁ ਹਮਾਰਾ' ਵਿਚੋਂ ਧੰਨਵਾਦ ਸਹਿਤ

# I'll Never Have to Bother About Death Again

**Prarthana Gahilote**

*"Marta marta jag muva, aausar muva na koi, Kabir aise mari muva, juen bahuri na marna hoi"*

(Everybody in this world dies without an inkling to others. I however, have died in a manner that I'll never have to bother about death again. I will now live forever.)

Revolutionary, social-reformer, rebel, saint, poet, weaver, the world is yet to decide what it would call Kabir -the saint-poet of medieval India. Adored by devotees, decried by the orthodox and eulogised by his successors, Kabir, despite an identity-crisis has withstood the test of time, to be remembered 600 years after birth.

The story of Kabir, coming through oral traditions, has grown into a legend over the years. A legend with its "musical renditions, " poetical beauty" and simple yet mystifying observation as definitions. Sometimes inspiring, with instinctive sensitivity in portraying the saint and at others mystifying with their exalted anecdotes overdrawn with miracles; the accounts leave nothing short of sainthood. The mantle of which Kabir himself would have despised to adorn.

His birth remains unknown. But legend has it that he was found by Niru and Nima, a Muslim weaver, in 1398, on the leaves of a lotus plant, in Lahartala Tank in Benares. This couple adopted and named him Kabir -an Arabic word which means "Most High." Many new stories regarding his birth were added by the 18th century. According to one such story, Kabir was the son of a Brahmin woman, whom Ramanand, a famous sage of Benares, not realising that she was a widow had blessed with a son. The words of the sage being irrevocable, a child was born, only to be abandoned on the banks of the Lahartala Tank.

Whatever be the stories, the "truth" of saints is that which is imperishable, immutable and everlasting. That which has neither a past nor a future. Beyond the limits of the time and space, it is ever present. And Kabir, was one such truth. He showed signs of religious inclination from early childhood. Being a weaver of humble origin, formal education was impossible to find. However, as is evident from his composition, had a keen intellect, discerning mind and a capacity to comprehend and analyse far beyond the ordinary. Evidences of his sensitivity and compassion are available from early age. Two principles that essentially chiselled his entire philosophy. It is said that Kabir once, while still a child, convinced his father not to sacrifice an animal fir religious beliefs as it would torment the animal for selfish interests. It is largely accepted that Rammanand was Kabir's *guru*, he said to have been influenced by Sheikh Taqi; the Nath-*panthis* (followers of the Nath sect started by Gorakhnath); the Sufis and others. However, to be accepted by Ramanand as a disciple, Kabir had to use a stratagem. Knowing that the treat sage, used to go to the banks of the Ganges early morning, Kabir lay down on the steps of the *ghat*, awaiting his arrival, Ramanand was not able to see Kabir in the pre-dawn light and as his foot hit Kabir's head he uttered *"Ram, Ram."* Kabir's accepted this as *guru mantra* and

declared himself a disciple.

Ramanand however, even after reluctant acceptance spoke to Kabir from behind a veil. An upholder of the traditions of Hindu metaphysics and rigid formalism, Kabir is said to have effected a change in his *guru's* outlook. Ramanand used to offer *mansi* (mental worship) to his deity, Ram everyday, forming a mental picture of the idol, bathing it, decorating it with other fineries and offering delicacies, On one such occasion, he forgot to garland the deity before placing the crown on his head. Perplexed because the circumference of the garland was not large enough to go round the crown and removing the crown would mean disrespect -Remanand was bailed out by Kabir, who suggested untying the knot of the garland then tying it around the idols' neck. Startled, to realise that Kabir could know of his mental worship even from outside his hut, Ramanand ordered the removal of the curtain, "for what can one hide from Kabir?" A Formal acceptance of Kabir's teachings was seen henceforth.

A man of simple habits and genuine concern, Kabir had cut through the artificialities of living and sensitised himself to the oneness of soul and God. Essentially, a happy-go-lucky vagabond, he did not believe in laid-down formalities of the society. A very self-respecting, self-confident individual, Kabir never hesitated in out rightly criticising ideologies and practices he thought were wrong. He spared neither the *Qazis* (Muslim priests) nor the *Pandits* (Hindu priests) as the need arose.

A true representative of his times, Kabir was fearlessly truthful. This being the reason for constant friction with the administration. To the extent that Sultan Sikandar Lodi, enraged by his defiance of his authority, ordered he be killed. Kabir survived both being drowned in the river or being crushed by the elephant. Sikandar Lodi finally had to acknowledge Kabir's status but decided to banish him from Benares. Kabir believed in the "*nirgum*," "*nirakar*" (formless and one that cannot be seen) from of God, According to him, God does not have a shape, colour, body or smell. He believed that God resides in the heart which is but a point between the two eyes called the eye centre, *"Murshid nayno beech nabi."* Describing it as the 10th door that he considered it the point where the soul converged to start its homeward journey.

Calling himself a slave of intensity, he advocated totality of devotion, without which the source of grief and possession would not be destroyed. He talked about letting the intensity of devotion penetrate the whole being, saturation and permeating every cell of the body, which only would lead to salvation.

Around this time, the Hindu society was undergoing a tumult, The advent of the Muslims, the *purdah* system, the dominance of the pandits had changed religiosity. Vehemently opposing the prevalent practise of idol worship, religious formalities, reincarnation theories, orthodox beliefs, Kabir turned out to be more of a revolutionary than a saint,

As Friedrich Nietzsche said, "if you want to go to heaven you will have to send your roots to hell." Kabir, emphasising the same said, life depended on polarities -where only

one, could not be chosen, as it would destroy the whole rhythm of existence.

Siting an example he said, the day lives with the night and through the night. If the root of a tree would not grow upward. For salvation though, he highlighted the importance of a *guru* who alone could help drop beliefs and scriptures to realise the inner truth.

Kabir is said to have had radical ways to jolt people he chose to enlighten. One such dervish was Jahan Gasht Shah, who had travelled extensively in search of truth. Shah sought an audience with Kabir and was shocked to see a pig tied infront of his house. Incensed, he turned back, only to be questioned about his anger by Kabir. Jahan Gasht Shah expressed his disgust over seeing an impure pig at the door of a pious, enlightened man. Explaining to him, Kabir said, "I have kept the impure one outside my house, you have given it shelter within your heart."

Dubbed a *kafir* by *Qazis* and an apostate by the Brahmins, Kabir faced harassment with undaunted courage and casual indifference. His strong common sense, delivered in the language of the messes and ruthless directness of views, not only got him acceptance but a large following even after his death.

Describing his path as the middle path, neither that of attachment nor of renunciation, not of involvement or segregation, of abstinence or indulgence, not that of an ascetic or hedonist; Kabir called it a path of moderation. True love to him meant experiencing the intoxication of love and annihilating his own "I-Ness." The "me" always coming after the "us." The five passions of lust, anger, attachment, avarice and ego kept people tied down to the world. However, one's obligations towards the family, earn livelihood and attend to meditation.

Different scholars have had different opinions about Kabir's use of language. Avadhi, Bhojpuri, Rajasthan, Brij are the ones debated upon, only "Sadhukari" [language essentially used by a *sadhu*] being the one all confirm to. A mix of the new and the old language prevalent in those days, it made maximum impact on the people because of common usage. It is essentially because of his language that *Kabir vani* [the works of Kabir] gained popularity with the people.

Influences of Sufism, seem prominent in Kabir's works. He often describes himself as the "ride of the God" who pines for the Lord, awaiting oneness. After about 100 years of meditation and spiritual practice Kabir decided to return to Magdhar (on the outskirts of Benares).

The barren town faced acute shortage of water. On his arrival the rivers began to flow and prosperity followed. One morning, after meeting his disciples, Kabir retired to his hut with instruction not to be disturbed. A little later he was discovered dead. When a dispute over his last rites arose, his body is said to have turned into flowers.

A fitting finale to the epic of a Saint who refused to be confined to the man-made ambits of caste, creed and country, had been rendered.

*Courtesy*: The Asian Age

# KARMA

## Sujan Singh ★

In Sikh Review (August issue-Member form) there is one article on *Karma*. The entire world is run on Law of nature (God). Because of its source the Law is just. The Law of nature operates automatically and the Law maker does not came to operate it. If any thing goes wrong it is due to our *Karma*. Many times when one is suffering from disease or any other trouble he says *Waheguru Di Marzi* / Gods 'will'. *Waheguru* (God) is superme and does not cause any suffering to any one.

KAURA BOL NAH JANE
PURAN BHAGWANE

*Karam* starts from mind (throught) then speech and then Physical action. Normally no one remains without thinking so he keeps on doing *Karma*. There is exception when our mind is well tuned with God and there is no thinking. This happens if one is in meditation (*Naam Simran*) or reciting *Naam Waheguru*.

*Karam* is usually with some motive. It is the motive which binds one and there is its reaction. When there is no motive and action is done as duty or in devotion to God such *Karma* has no reaction.

KARAM KARAT HOVE NEH KARAM
TIS BAISNAV KA NIRMAL DHARAM
KAHOON PHAL KE ICHA NAHI BACHAEY
KEWAL BHAGAT KIRTAN SANG RACHE

These days (*Kalyug*) most people have material life and *Karma* is done with motive to have *Sukh* and happiness. To achieve this they induldge in *Kam, Krodh, Lobh, Moh* and *Ahankar*. They get what they want to keep them *Sukhi* and happy. As such happiness is not real, it does not last all the time and its duration is limited. As *Karma* was done with a motive to have *Sukh*, its reaction is there which is in form of *Dukh* which one has to undergo. That is the only remedy to neutralise reaction of *Sukh*.

DUKH DARU SUKH ROG BHEA

From the above, it is clear that one should do *Karma* as duty, service and devotion to God without any motive so that

KARAM KARAT HOVE NEH KARAM

★ # 67, Kailash Apartment New Delhi - 100 048

With compliments from
*Guranchal Sethi*

**R.L. SETHI & SONS**
Property Dealers & Building Promoters
**AMARJIT S. SETHI (LEGAL ADVISOR)**
SCO: 345-46, Sector 35-B, Chandigarh

Ph : 0172 - 603861, 608859
Fax : 0172 - 703494
Mobile No. : 98150 - 12861

Resi : # 2181, Sector : 35-C, Chandigarh Phone : 603620, 605620

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਗਉੜੀ ਮਹਲਾ ੫॥ | Gauri 5th Guru. | ਗਉੜੀ ਪੰਜਵੀਂ ਪਾਤਸ਼ਾਹੀ |
| ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ | Sit steadily at home, O dear slaves of God. | ਟਿਕ ਕੇ ਧਾਮ ਅੰਦਰ ਬੈਠੋ, ਹੇ ਵਾਹਿਗੁਰੂ ਦੇ ਲਾਡਲੇ ਗੋਲਿਓ। |
| ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ | The True Guru has arranged your affairs. | ਸੱਚੇ ਗੁਰਾਂ ਨੇ ਤੁਹਾਡੇ ਕਾਰਜ ਰਾਸ ਕਰ ਦਿੱਤੇ ਹਨ। |
| ਰਹਾਉ॥ | Pause. | ਠਹਿਰਾਉ। |
| ਦੁਸਟ ਦੂਤ ਪਰਮੇਸਰਿ ਮਾਰੇ॥ | The Lord has smitten the wicked and the evil | ਸੁਆਮੀ ਨੇ ਬਦਮਾਸ਼ ਅਤੇ ਬਦਕਾਰ ਨੂੰ ਨਾਸ ਕਰ ਦਿੱਤਾ ਹੈ। |
| ਜਨ ਕੀ ਪੈਜ ਰਖੀ ਕਰਤਾਰੇ ॥੧॥ | His slave's honour, the Creator has preserved. | ਆਪਣੇ ਗੋਲੇ ਦੀ ਇੱਜ਼ਤ ਸਿਰਜਣਹਾਰ ਨੇ ਬਚਾ ਲਈ ਹੈ। |
| ਬਾਦਿਸਾਹ ਸਾਹ ਸਭ ਵਸਿ ਕਰ ਦੀਨੇ ॥ | The Kings and Emperors the Lord has all subjected to His slave. | ਪਾਤਸ਼ਾਹ ਤੇ ਮਹਾਰਾਜੇ ਪ੍ਰਭੂ ਨੇ ਆਪਣੇ ਗੋਲੇ ਦੇ ਸਾਰੇ ਅਧੀਨ ਕਰ ਦਿੱਤੇ ਹਨ। |
| ਅੰਮ੍ਰਿਤ ਨਾਮ ਮਹਾ ਰਸ ਪੀਨੇ ॥੨॥ | He has quaffed the great essence of the ambrosial Name. | ਉਸ ਨੇ ਸੁਧਾਸਰੂਪ ਨਾਮ ਦਾ ਪਰਮ ਜੌਹਰ ਪਾਨ ਕੀਤਾ ਹੈ। |
| ਨਿਰਭਉ ਹੋਇ ਭਜਹੁ ਭਗਵਾਨ ॥ | Fearlessly meditate on the Fortunate Lord. | ਨਿੱਡਰ ਹੋ ਕੇ ਭਾਗਾਂ ਵਾਲੇ ਸੁਆਮੀ ਦਾ ਸਿਮਰਨ ਕਰ। |
| ਸਾਧ ਸੰਗਤਿ ਮਿਲਿ ਕੀਨੋ ਦਾਨੁ ॥੩॥ | Meet the society of saints and give this gift of Lord's meditation to others. | ਸਤਿ ਸੰਗਤ ਅੰਦਰ ਜੁੜ ਅਤੇ ਸੁਆਮੀ ਦੇ ਸਿਮਰਨ ਦੀ ਇਹ ਦਾਤ ਹੋਰਨਾਂ ਨੂੰ ਦੇਹ। |
| ਸਰਣਿ ਪਰੇ ਪ੍ਰਭ ਅੰਤਰ ਜਾਮੀ॥ ਨਾਨਕ ਓਟ ਪਕਰੀ ਪ੍ਰਭ ਸੁਆਮੀ ॥੪॥੧੦੮॥ | Nanak has entered the sanctuary of Lord, the Inner-knower, and grasped the support of the Lord Master. | ਨਾਨਕ ਨੇ ਅੰਦਰ ਦੀ ਜਾਨਣਹਾਰ ਠਾਕੁਰ ਦੀ ਸਰਣਾਗਤ ਸੰਭਾਲੀ ਹੈ ਅਤੇ ਸਾਹਿਬ ਮਾਲਕ ਦਾ ਆਸਰਾ ਪਕੜਿਆ ਹੈ। |

● ● ●

| | | |
|---|---|---|
| ਗਉੜੀ ਮਹਲਾ ੯॥ | Gauri 9th Guru. | ਗਉੜੀ ਨੌਵੀਂ ਪਾਤਸ਼ਾਹੀ |
| ਨਰ ਅਚੇਤ ਪਾਪ ਤੇ ਡਰੁ ਰੇ॥ | O ignorant man, dread thou the sin. | ਹੇ ਬੇਖ਼ਬਰ ਬੰਦੇ! ਤੂੰ ਗੁਨਾਹ ਤੋਂ ਭੈ ਕਰ। |
| ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ॥੧॥ | Who is compassionate to the poor, and the destroyer of all dread, enter thou His sanctuary. | ਜੋ ਗਰੀਬਾਂ ਦੇ ਉਤੇ ਮਇਆਵਾਨ ਅਤੇ ਸਮੂਹ ਡਰ ਨਾਸ ਕਰਨ ਵਾਲਾ ਹੈ, ਤੂੰ ਉਸ ਦੀ ਸ਼ਰਣਾਗਤ ਸੰਭਾਲ। |
| ਰਹਾਉ। | Pause. | ਠਹਿਰਾਉ। |
| ਬੇਦ ਪੁਰਾਨ ਜਾਸ ਗੁਨ ਗਾਵਤ ਤਾਕੋ ਨਾਮੁ ਹੀਐ ਮੋ ਧਰੁ ਰੇ॥ | Within thy mind place thou the Name of Him, whose praise, the Vedas and Puranas sing. | ਆਪਣੇ ਅੰਤਹਕਰਨ ਅੰਦਰ ਤੂੰ ਉਸਦੇ ਨਾਮ ਨੂੰ ਟਿਕਾ, ਜਿਸ ਦੀ ਉਪਮਾ ਵੇਦ ਤੇ ਪੁਰਾਣ ਗਾਇਨ ਕਰਦੇ ਹਨ। |

| | | |
|---|---|---|
| ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ॥੧॥ | Pure is the Name of God in the world. By repeating and remembering it, thou shalt wash off all thy sins. | ਪਵਿੱਤਰ ਹੈ ਨਾਮ ਵਾਹਿਗੁਰੂ ਦਾ ਜਹਾਨ ਅੰਦਰ ਇਸ ਨੂੰ ਉਚਾਰਨ ਅਤੇ ਆਰਾਧਨ ਕਰਨ ਦੁਆਰਾ ਤੂੰ ਆਪਣੇ ਸਾਰੇ ਪਾਪ ਧੋ ਸੁਟੇਂਗਾ। |
| ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ॥ | O man, thou shalt not, again, attain the human body. Make some effort for thy deliverance. | ਹੇ ਬੰਦੇ! ਮਨੁੱਖੀ ਸਰੀਰ, ਮੁੜ ਤੈਨੂੰ ਹੱਥ ਨਹੀਂ ਆਉਣਾ। ਆਪਣੀ ਕਲਿਆਣ ਵਾਸਤੇ ਕੁਝ ਉਪਰਾਲਾ ਕਰ। |
| ਨਾਨਕ ਕਹਤ ਗਾਇ ਕਰੁਨਾ ਮੈ ਭਵ ਸਾਗਰ ਕੈ ਪਾਰਿ ਉਤਰੁ ਰੇ ॥੨॥੯॥੨੫੧॥ | Says Nanak, sing thou the praise of the Embodiment of compassion, and cross the terrible world-ocean. | ਗੁਰੂ ਜੀ ਫੁਰਮਾਉਂਦੇ ਹਨ, ਤੂੰ ਰਹਿਮਤ ਦੇ ਪੁੰਜ ਦੀ ਉਸਤਤੀ ਗਾਇਨ ਕਰ ਅਤੇ ਡਰਾਉਣੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾ। |


## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਣੀ ਵਿਚੋਂ 50 ਸ਼ਬਦਾਂ ਦੀਆਂ ਪ੍ਰੋ: ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿੱਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ । ਇਹ ਪੁਸਤਕ ਕੀਰਤਨੀਆਂ ਅਤੇ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ। *ਜੇ ਤੁਸੀਂ ਇਸ ਪੁਸਤਕ ਦੀ ਕੀਮਤ ਕਿਸੇ ਮਜਬੂਰੀ ਕਾਰਨ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ।*

*ਅਸੀਂ ਇਹ ਪੁਸਤਕ ਮੁਫਤ ਭੇਜ ਦੇਵਾਂਗੇ।*

ਪ੍ਰਕਾਸ਼ਕ : **ਅੰਮ੍ਰਿਤ ਕੀਰਤਨ ਟਰਸਟ, 422, ਸੈਕਟਰ 15-ਏ, ਚੰਡੀਗੜ੍ਹ**


## SHORT CUT FOR HAPPINESS


### ਸਤਿਨਾਮ ਕੌਰ ★


ਅੱਜਕਲ੍ਹ ਜ਼ਮਾਨਾ fast food ਦਾ ਹੈ। ਸਾਨੂੰ ਸਾਰਿਆਂ ਨੂੰ, ਖਾਸ ਕਰ ਬੱਚਿਆਂ ਨੂੰ, ਹਰ ਚੀਜ ਫਟਾਫਟ ਚਾਹੀਦੀ ਹੈ ਜਿਸ ਤਰ੍ਹਾਂ 2 Minute Noodles!

ਇਸੇ ਤਰ੍ਹਾਂ ਅੱਜ ਅਸੀਂ ਗੁਰਬਾਣੀ ਦੇ ਗਿਆਨ ਨੂੰ 2 ਮਿੰਟਾਂ ਵਿੱਚ ਸਮਝਣ ਦੀ ਕੋਸ਼ਿਸ਼ ਕਰਨੀ ਹੈ।

ਅਗਰ ਸਾਨੂੰ ਇਸ ਇਲਾਹੀ ਗਿਆਨ ਦੀ ਸਮਝ ਆ ਜਾਏ ਤਾਂ ਅਸੀਂ ਆਪਣੇ ਬੱਚਿਆਂ ਨੂੰ ਵੀ ਸਮਝਾ ਸਕਦੇ ਹਾਂ ਤਾਕਿ ਸਾਡੇ ਬੱਚੇ ਆਪਣੇ ਜੀਵਨ ਵਿੱਚ ਸੁਖੀ ਰਹਿ ਸਕਣ।

So what is the magic formula which can give everlasting happiness to our children?

ਗੁਰਬਾਣੀ ਕਹਿੰਦੀ ਹੈ -

"ਉਸਤਤਿ ਮਨ ਮਹਿ ਕਰਿ ਨਿਰੰਕਾਰ" ਸੁਖਮਨੀ ਸਾਹਿਬ ਇਸ ਪੰਕਤੀ ਵਿੱਚ ਤਿੰਨ ਗੱਲਾਂ ਹਨ ਅਤੇ ਤਿੰਨੋਂ ਬਹੁਤ ਜ਼ਰੂਰੀ ਹਨ:

1. ਉਸਤਤ ਕਰਨੀ ਹੈ।
2. ਕੇਵਲ ਰੱਬ (ਵਾਹਿਗੁਰੂ) ਦੀ ਉਸਤਤ੍ਰਿ ਕਰਨੀ ਹੈ। ਅਸੀਂ ਆਪਣੇ ਜੀਵਨ ਵਿੱਚ ਬਹੁਤ ਸਮਾਂ ਸੰਸਾਰ ਦੀ ਉਸਤਤ ਵਿੱਚ ਗਵਾ ਦੇਂਦੇ ਹਾਂ।
3. ਵਾਹਿਗੁਰੂ ਦੀ ਉਸਤਤਿ ਮਨ ਨਾਲ ਕਰਨੀ ਹੈ। ਮਨ ਨਾਲ ਉਸਤਤ ਕਰਨੀ ਸਭ ਤੋਂ ਸੋਚੀਏ ਕਿ ਵਾਹਿਗੁਰੂ ਦੀ ਉਸਤਤ ਸਚਮੁੱਚ ਮਨ ਨਾਲ ਕਿਤਨੀ ਵਾਰ ਕੀਤੀ ਹੈ ਤੇ ਸਾਨੂੰ ਪਤਾ ਲੱਗੇਗਾ ਕਿ ਸ਼ਾਇਦ ਬਹੁਤ ਘੱਟ ਵਾਰ ਕੀਤੀ ਹੈ।

ਮਨ ਨਾਲ ਕੀਤੀ ਉਸਤਤਿ ਹੀ ਵਾਹਿਗੁਰੂ ਜੀ ਨੂੰ ਪ੍ਰਵਾਨ ਹੈ। ਜਿਵੇਂ "ਗੁਨ ਗੋਬਿੰਦ ਗਾਇਓ ਨਹੀਂ ਜਨਮ ਅਕਾਰਥ ਕੀਨ" ਇਸੇ ਤਰ੍ਹਾਂ ਗੁਰਬਾਣੀ ਵਿੱਚ ਹੋਰ ਬੇਅੰਤ ਪੰਕਤੀਆਂ ਹਨ।


★ Gurbani Class, B-304, Salbodar, Shastari Nagar, Four Bunglows, Andheri(W), Mumbai

# ਸੁਰ ਲਿਪੀਆਂ

ਪ੍ਰੋ. ਪਰਮਜੋਤ ਸਿੰਘ ★

## ਰਾਗ ਗਉੜੀ

*ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥*
*ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥*

**ਜਾਤੀ :** ਔੜਵ-ਸੰਪੂਰਣ **ਥਾਟ :** ਭੈਰਵ **ਵਾਦੀ :** ਰ **ਸੰਵਾਦੀ :** ਪ **ਸਮਾਂ :** ਸ਼ਾਮ ਸੰਧਿਆ ਕਾਲ

**ਆਰੋਹ :** ਸ ਰੁ ਮ ਪ ਨ ਸਂ **ਅਵਰੋਹ :** ਸ ਨ ਧੁ ਪ ਧੁ ਪ ਮ ਗ, ਗ ਰੁ ਨ਼ ਸ

**ਮੁੱਖ ਅੰਗ :** ਮ ਧੁ ਪ ਮ ਗ਼ ਰੁ ਗ ਮ ਗ ਰੁ ਸ ਰੁ ਨ਼ ਸ

**ਸੁਰ :** ਰੁ ਧੁ ਕੋਮਲ **ਵਰਜਿਤ ਸੁਰ :** ਆਰੋਹ ਵਿੱਚ ਗ ਤੇ ਧ ਵਰਜਿਤ **ਸਮ ਪਰਾਕ੍ਰਿਤਕ ਰਾਗ :** ਕਾਲਿੰਗੜਾ

**ਵਿਸ਼ੇਸ਼ ਤੇ ਸੰਖੇਪ ਵਿਸਥਾਰ :** ਨ਼ ਸ ਗ ਮ ਗ ਰੁ ਸ ਮ ਗ ਰੁ ਧੁ ਧੁ ਪ ਮ ਗ ਰੁ ਗ ਰੁ ਸ ਨ਼ ਸ

### ਰਾਗ ਗਉੜੀ ਭੈਰਵ ਤਿੰਨ ਤਾਲ

| 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|
| 0 | | | | 3 | | | | X | | | | 2 | | | |
| **ਸਥਾਈ** | | | | | | | | | | | | | | | |
| ਨ਼ | ਰੁ | ਗ | ਰੁ | ਮ | ਗ | ਪ | ਮ | ਪ | ਮਗੁ | ਰੁ | ਸ | ਰੁ | ਨ਼ | ਸ | - |
| ਖਿ | ਰ | ਘ | ਰ | ਬੈ | S | ਸ | ਹੁ | ਹ | ਰਿS | ਜ | ਨ | ਪਿ | ਆ | ਰੇ | S |
| ਰ | ਨ਼ | ਸ | ਮ | ਮ | ਗ | ਮ | ਰੁ | ਮ | ਗ | ਰੁ | ਮ | ਗ | ਰੁ | ਸ | - |
| ਸ | ਤਿ | ਗੁ | ਰਿ | ਤੁ | ਮ | ਰੇ | S | ਕਾ | S | ਜ | ਸ | ਵਾ | S | ਰੇ | S |
| **ਅੰਤਰਾ** | | | | | | | | | | | | | | | |
| ਮ | ਪ | ਨ਼ਨ | ਨ | ਸਂ | ਰੁਂ | ਸਂ | ਸਂ | ਸਂ | ਰੁਂ | ਸਂ | ਰੁਂ | ਨ | - | ਸਂ | - |
| ਦੁ | S | ਸਟ | ਦੂ | S | ਤ | ਪ | ਰ | ਮੇ | S | ਸ | ਰਿ | ਮਾ | S | ਰੇ | S |
| ਸਂ | ਨ | ਧੁ | ਪ | ਮਗੁ | ਰੁ | ਸ | ਰੁ | ਮ | ਗ | ਰੁ | ਮ | ਗ | ਰੁ | ਸ | - |
| ਜ | ਨ | ਕੀ | S | ਪੈS | S | ਜ | ਰ | ਖੀ | S | ਕ | ਰ | ਤਾ | S | ਰੇ | S |

★ P.S.B. Devotional Music Archives, Green Park, Jalandhar Phone: 235206

ਅੰਮ੍ਰਿਤ ਕੀਰਤਨ ਨੂੰ ਨਿਖਾਰਨ ਦਾ ਯਤਨ ਇੱਕ ਲਗਾਤਾਰ ਚਲਦੀ ਹੋਈ ਮੁਹਿੰਮ ਹੈ।
ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।

With compliments from
**Paramjit Singh Sethi**
**Director**

R.H. SUPER ®

**INDERJIT HOUSE RUBBER CO. (P) LTD.**

**Works :** C-155 Phase II Ext., Hosiery Complex Noida,
Distt. Ghaziabad (U.P.) Ph.: 8567797
**Regd. Off.:** IV-A-63, Amar Colony,
Lajpat Nagar, New Delhi - 110 024
**Tel.:** (O) 6995386 (R) 6486416

ਹਰਿਮੰਦਰ ਸਿੰਘ ★

## ਗਉੜੀ (ਭੈਰਵ ਥਾਟ)

| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|---|---|---|---|---|---|---|---|---|
| X | | 2 | | | 0 | | 3 | | | X | | 2 | | | 0 | | 3 | | |
| **ਸਥਾਈ** | | | | | | | | | | | | | | | | | | | |
| | | | | | | | ਮ | ਮ | ਮ | ਗ | ਰੁ | ਗ | - | - | ਧ਼ | - | ਨ਼ | - | ਸ |
| | | | | | | | ਨ | ਰ | ਅ | ਚੇ | ऽ | ਤ | ऽ | ऽ | ਪਾ | ऽ | ਪ | ऽ | ਤੇ |
| ਗ | ਰੁ | ਮ | - | - | ਗ | ਰੁ | ਸ | - | - | ਧ਼ | - | ਨ਼ | - | ਧ਼ | ਸ | ਨ਼ | ਰੁ | ਸ | ਸ |
| ਡ | ਰੁ | ਰੇ | ऽ | ऽ | ऽ | ऽ | ऽ | ऽ | ऽ | ਦੀ | ऽ | ਨ | ऽ | ਦਇ | ਆ | ऽ | ਲ | ऽ | ऽ |
| ਗ | ਗ | ਗ | - | ਮ | ਮ | ਗ | ਰੁ | ਸ | ਸ | ਸ | ਸ | ਮ | - | ਮ | ਪ | - | ਪ | - | ਧੁ |
| ਸ | ਗ | ਲ | ऽ | ਭੈ | ਭੰ | ऽ | ਜ | ऽ | ਨ | ਸ | ਰ | ਨਿ | ऽ | ਤਾ | ਹਿ | ऽ | ਤੁ | ऽ | ਮ |
| ਸਂ | ਨ | ਧੁ | ਪ | ਮ | ਗ | ਰੁ | | | | | | | | | | | | | |
| ਪ | ਰੁ | ਰੇ | ऽ | ऽ | ऽ | ऽ | | | | | | | | | | | | | |
| **ਅੰਤਰਾ** | | | | | | | | | | | | | | | | | | | |
| ਮ | - | ਪ | - | ਧੁ | ਨ | ਧੁ | ਸਂ | - | - | ਸਂ | ਸਂ | ਸਂ | - | ਰੁਂ | ਸਂ | ਨ | ਸਂ | - | ਸਂ |
| ਬੇ | ऽ | ਦ | ऽ | ਪੁ | ਰਾ | ऽ | ਨ | ऽ | ऽ | ਜਾ | ਸ | ਗੁ | ऽ | ਨ | ਗਾ | ऽ | ਵ | ऽ | ਤ |
| ਸਂ | ਨ | ਸਂ | ਨ | ਧੁ | ਪ | ਮ | ਗ | ਰੁ | ਸ | ਗ | ਰੁ | ਮ | - | - | ਗ | ਰ਼ੁ | ਸ | - | - |
| ਤਾ | ਕੋ | ਨਾ | ऽ | ਮੁ | ਹੀ | ਐ | ਮੋ | ऽ | ऽ | ਧ | ਰੁ | ਰੇ | ऽ | ऽ | ऽ | ऽ | ऽ | ऽ | ऽ |

★ # 1246, Sector: 22-B, Chandigarh

ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

**ਸਿੱਖ ਲੀਗ**

(ਪੰਦਰਵਾੜਾ)
2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ - 8
ਫੋਨ : 5707096

**THE SIKH REVIEW**
(A Monthly Magazine)

116, Karnani Mansion
25-A, Park Street, Calcutta

With compliments from
HARPAL SINGH
P.R.O.

**PUNJAB & SIND BANK**

ਪੀ. ਐਸ. ਬੀ.

H.O.: PUBLIC RELATIONS DEPTT.
Bank House
21, Rajendra Place, New Delhi - 110 008
Phone: 5747782, 572849 Extn. 326

Resi.: D-140, Fateh Nagar, New Delhi - 110 018 Ph.: 5143779

## ਗੁਰਮੁਖ ਢੂਢ ਢੂਢੇਦਿਆਂ

**( Free Matrimonial Service )**

**LET** our letters bloom into friendship/ soulmate/marriage. Looking for caring, sincere, pious, engaging Sikh Girl who wants to live in USA. Become pride/joy of handsome, Jat-Sikh (40, 6'/180 lbs.) sensitive professional, highly educated (double M.S.), warm, extremely romantic, US citizen. Caste no bar. Write: Darshan Singh Grewal,
E - 81722, DQ - 8210,
P.O. Box: 8101, SAN LUIS OBISPO,
CA 93409, USA **Box: 0091**

**SUITABLE** match for a Gursikh Khatri Girl (23, 5'-6½"), fair, tall, slim, beautiful, devoted, divorcee, convent educated, doing post graduation in English. Father Govt. Contractor, two brothers, mother housewife, elders hailing from Rawalpindi, now settled in Chandigarh. **Box:0092**

**SUITABLE** match for a Gursikh Khatri /Arora Boy (23, 5'-8"), B.Sc., Computer trained, convent educated, preparing for 3 years MBA course. Father has wholesale medical shop at Agra, mother teacher, one sister younger. **Box: 0093**

**GURSIKH** match for Amritdhari Girl (26½, 5'), M.A., Punjab Govt. Service, Chandigarh. Simple marriage, around Chandigarh preferred. **Box:0094**

**SUITABLE** Gursikh match for Sethi undergraduate Girl (28, 5'-3"), fair complexion, smart. Residing Jalandhar City. **Box: 0095**

**GURSIKH**, not more than 40, educated, well settled, issueless match for 30/5'4" divorcee, M.A.(Music), B.Ed., girl. Doing Diploma in Computers, employed in Punjab Govt. office at Chandigarh. Send full details with date of birth, time & place and returnable photo at first instance. **Box: 0096**

**Contact : Sardar Harbhajan Singh, # 1246, Sector : 22 B, Chandigarh**

Treat yourself with
PIZZAS
& BURGERS
much more

Only at
Coca-Cola
office and home delivery
Hot millions
CHD 713232,721844,721287 PKL 569156,581619




# THE FREEDOM TO BE THE MASTER OF HIS OWN DESTINY

At IFFCO, we have been making it possible for him since 1967. Today, if we're producing 29 lakh tonnes of fertilisers, tomorrow we'll be the largest producer of fertilisers in the world. Thanks to VISION-2000. Which is all about expanding existing units, setting up grassroot urea production units, increasing the acreage under seed production.

Through the modernisation and expansion of its plants at Aonla, Kalol, Kandla and Phulpur with a total planned outlay of Rs. 3457.49 crore for the 9th plan, it is well on its way to realize VISION 2000.

Going beyond fertiliser production, we're also into seed multiplication programmes, farm forestry projects, farmers service centres, rural development, propagation of balanced use of fertilisers. Besides, we're making rapid strides in growth and development. As also picking up a few awards in the process. All because we want our farmer brethren to breathe the air of confidence. And be the master of his own destiny.

50 YEARS OF FREEDOM

IFFCO

INDIAN FARMERS FERTILISER COOPERATIVE LIMITED

34, NEHRU-PLACE, NEW DELHI.

*We build a self-sufficient India, everyday*

Regd. No. Chandigarh Div./42/99 RNI Regd. No. 46788/89 ISSN-002045

# ਇਲਾਹਾਬਾਦ ਬੈਂਕ

## ਵਿਸ਼ਵਾਸ ਦੀ ਪਰੰਪਰਾ

ਸਾਰੇ ਭਾਰਤ ਵਿੱਚ 2000
ਸ਼ਾਖਾਵਾਂ/ਦਫਤਰ ਦੇ ਨੈਟਵਰਕ ਨਾਲ

1865 ਤੋਂ ਦੇਸ਼
ਦੀ ਸੇਵਾ ਵਿੱਚ

## ਦੇਸ਼ਵਾਸੀਆਂ ਲਈ ਸਾਡੀਆਂ ਵੱਖ ਵੱਖ ਸਕੀਮਾਂ

**ਗਰੀਨ ਕਾਰਡ** ਉਨ੍ਹਾਂ ਕਿਸਾਨ ਵੀਰਾਂ ਲਈ ਜਿਹੜੇ ਕਿ ਜ਼ਮੀਨ ਦੇ ਅਸਲੀ ਮਾਲਕ ਹਨ।

- ਕਾਰ ਫਾਇਨੈਂਸ
- ਹਾਊਸਿੰਗ ਫਾਈਨੈਂਸ
- ਕੰਜ਼ਿਊਮਰ ਫਾਈਨੈਂਸ
- ਐਜੂਕੇਸ਼ਨ ਲੋਨ
- ਕਰੈਡਿਟ ਕਾਰਡ
- ਸੇਵਿੰਗ ਬੈਂਕ ਓਵਰ ਡਰਾਫਟ
- ਫਲੈਕਸੀਫਿਕਸ ਡਿਪਾਜ਼ਿਟ

- ਐਨ.ਆਰ.ਆਈ. ਵਰਗ ਲਈ ਵਿਸ਼ੇਸ਼ ਐਨ.ਆਈ. ਸ਼ਾਖਾ ਟੈਲੀਬੈਂਕਿੰਗ ਦੀ ਸੁਬਿਧਾ ਨਾਲ ਜਲੰਧਰ ਵਿਖੇ ਸੇਵਾ ਕਰ ਰਹੀ ਹੈ।
- ਇੰਟਰਨੈਸ਼ਨਲ ਉਦਯੋਗਿਕ ਵਿੱਤ ਸ਼ਾਖਾ ਅੰਤਰਰਾਸ਼ਟਰੀ ਵਪਾਰੀ ਵਰਗ ਲਈ ਟੈਲੀਬੈਂਕਿੰਗ ਦੀ ਸੁਵਿਧਾ ਨਾਲ ਲੁਧਿਆਣਾ ਵਿਖੇ ਸੇਵਾ ਕਰ ਰਹੀ ਹੈ।

ਵਧੇਰੇ ਜਾਣਕਾਰੀ ਲਈ ਆਪਣੇ ਨੇੜੇ ਦੀ ਸਾਡੀ ਕਿਸੇ ਵੀ ਸ਼ਾਖਾ ਨਾਲ ਸੰਪਰਕ ਕਰੋ।

# ਇਲਾਹਾਬਾਦ ਬੈਂਕ

ਮੁੱਖ ਦਫਤਰ - 2, ਨੇਤਾ ਜੀ ਸੁਭਾਸ਼ ਰੋਡ, ਕਲਕੱਤਾ - 700 001

ਖੇਤਰੀ ਦਫਤਰ : ਬੈਂਕ ਸੁਕੇਅਰ, ਸੈਕਟਰ 17-ਬੀ, ਚੰਡੀਗੜ੍ਹ।